# ਸ਼ਹਿਰ ਸਦਾਵਾਂ

ਨਿਰਾਲਮ ਥੀਏਟਰ ਗਰੁੱਪ ਦੀ ਪੇਸ਼ਕਸ਼


" ਸੰਤ ਸਿੰਘ ਸੁੱਖਾ ਸਿੰਘ ਕਾਲਜ ਆਫ਼ ਕਾਮਰਸ "

# ਸ਼ੁਰ ਸਦਾਵਾਂ

ਸੰਤ ਸਿੰਘ ਸੁੱਖਾ ਸਿੰਘ ਕਾਲਜ ਇੱਕ ਅਜਿਹਾ ਵਿਦਿਅਕ
ਅਦਾਰਾ ਹੋਣ ਦਾ ਸੁਪਨਾ ਲੈਂਦਾ ਹੈ ਜਿੱਥੇ ਵਿਦਿਆ ਇਨਸਾਨ ਨੂੰ ਉਸਦੇ
ਆਪਣੇ ਅਸਲ ਪ੍ਰਤੀ , ਇਸ ਧਰਤੀ ਤੇ ਉਸਦੇ ਸਿਰਜਣਹਾਰ
ਪ੍ਰਤੀ ਜਾਗਰੂਕ ਕਰਨ ਵਿਚ ਸਹਾਈ ਹੋਵੇ। ਵਿਦਿਆ ਕਿਸੇ ਵੀ ਵਿਸ਼ੇ ਦੀ ਹੋਵੇ,
ਮਨੁੱਖ ਨਾਲ ਸਬੰਧਿਤ ਹੈ ਅਤੇ ਅਵਲ ਗੱਲ ਮਨੁੱਖ ਦਾ ਮਾਨਵਤਾ ਲਈ ਹਾਜ਼ਿਰ
ਹੋਣਾ ਹੈ।ਹਰ ਇੱਕ ਇਨਸਾਨ ਭਾਵੇਂ ਉਹ ਕਾਰੋਬਾਰ ਚਲਾਉਂਦਾ ਹੈ,
ਪ੍ਰੋਫੈਸ਼ਨਲ ਹੈ, ਕੋਈ ਮੁਲਾਜ਼ਮਤ ਕਰ ਰਿਹਾ ਹੈ ਜਾਂ ਘਰ ਬਾਹਰ ਦੇ ਕੰਮ,ਉਹ
ਇੱਕ ਭੂਮਿਕਾ ਨਿਭਾ ਰਿਹਾ ਹੈ।ਇਸ ਭੂਮਿਕਾ ਨੂੰ ਨਿਭਾਉਂਦੇ - ਨਿਭਾਉਂਦੇ,
ਇਨਸਾਨ, ਜਿਹੜਾ ਸੁਭਾਅ ਵੱਜੋਂ ਹੀ ਭੁੱਲਣਹਾਰ ਹੈ , ਭਰਮਾਂ ਵਿਚ
ਉਲਝਿਆ ਰਹਿੰਦਾ ਹੈ। ਬੇਖੁਦੀ ਵਿਚ ਕੁਦਰਤ ਦੀਆਂ ਬੇਸ਼ਕੀਮਤੀ ਨੇਮਤਾਂ ਦੀ
ਬੇਕਦਰੀ ਕਰਦਾ ਜਾਂਦਾ ਹੈ
ਤੇ ਇੰਝ ਇਹ ਸ਼ਾਨਦਾਰ ਸਫ਼ਰ ਬਦਮਜ਼ਾ, ਬੋਝਲ ਤੇ ਬੇਮਾਇਨੇ ਜਿਹਾ ਹੋ ਜਾਂਦਾ ਹੈ।
ਸਿਰਜਣਹਾਰ ਲੇਕਿਨ ਬੜਾ ਕਾਰਸਾਜ਼ ਹੈ।ਕਦਮ-ਕਦਮ ਤੇ ਓਹ ਮੌਕਾ ਅਦਾ ਕਰਦਾ ਹੈ
ਕਿ ਜਾਗ ਜਾਈਏ,ਆਪਣੇ ਆਪ ਨੂੰ ਜਾਣੀਏ ਤੇ ਇਸ ਖੂਬਸੂਰਤ ਸਫ਼ਰ ਦਾ
ਅਨੰਦ ਮਾਣੀਏ। ਇਸ ਸਿਲਸਿਲੇ ਵਿਚ ਵਿਦਿਆ ਇੱਕ ਅਹਿਮ ਸੰਭਾਵਨਾ ਹੈ।
ਜਿੱਥੇ ਆਵਾਜ਼ ਦਿੱਤੀ ਜਾ ਸਕਦੀ ਹੈ ਕਿ ਜਾਗ ਜਾਓ।
ਅਹਿਸਾਸ ਹੋਵੇ ਕਿ ਕਾਇਨਾਤ ਵਿਚ ਹਰ ਬਸ਼ਰ ਇੱਕੋ ਖਾਲਕ ਦੀ ਖ਼ਲਕਤ ਦਾ ਹਿੱਸਾ ਹੈ,
ਸਭ ਬਰਾਬਰ ਤੇ ਇਹ ਜ਼ਿੰਦਗੀ ਉਸੇ ਤਕ ਪਹੁੰਚਣ ਦਾ ਸਫ਼ਰ..
ਇਸੇ ਭਾਵਨਾ ਤਹਿਤ ਕਾਲਜ ਦੇ ਥੀਏਟਰ ਅਤੇ ਸੱਭਿਆਚਾਰਕ
ਗਰੁੱਪ 'ਨਿਰਾਲਮ' ਵਲੋਂ ਨਾਟਕ, ਰੂਪਕ ਅਤੇ ਸਾਹਿਤਕ ਵੰਨਗੀਆਂ ਸਮੇਂ-ਸਮੇਂ ਤੇ
ਪੇਸ਼ ਕੀਤੀਆਂ ਜਾਂਦੀਆਂ ਹਨ।ਇਹ wake up calls,
ਸ਼ੂਰ ਸਦਾਵਾਂ ਜਗਾਉਣ ਦੀ ਕੋਸ਼ਿਸ਼ ਵੀ ਕਹੀ ਜਾ ਸਕਦੀ ਹੈ ਅਤੇ ਜੁਰਅੱਤ ਵੀ।
ਚੇਤਨਾ ਦੀ ਲੋਅ ਜਗਾਉਣ ਲਈ ਰਚੀਆਂ

ਇਹ ਤਖਲੀਕਾਂ ਸਟੇਜ ਪੇਸ਼ਕਾਰੀ ਰੂਪ ਵਿਚ ਬਹੁਤ ਸਰਾਹੀਆਂ
ਗਈਆਂ ਅਤੇ ਕਿੰਨੇ ਹੀ ਨਰਮ ਹਿਰਦਿਆਂ ਤੇ ਆਪਣੀ
ਛਾਪ ਛੱਡ ਗਈਆਂ। ਕਿਤੇ ਜਗਿਆਸਾ ਉਭਰੀ ਤੇ ਕਿਤੇ ਤਲਬ ਜਗੀ ਰੌਸ਼ਨ
ਹੋਣ ਦੀ। ਇਸ ਹੁੰਗਾਰੇ ਨੂੰ ਵੇਖ ਕੇ ਵਿਚਾਰ ਬਣਿਆ ਕਿ ਇਹਨਾਂ ਸਾਰੀਆਂ ਹੀ
ਕਿਰਤਾਂ ਨੂੰ ਕਲਮਬੰਦ ਕਰਕੇ ਕਿਤਾਬ ਦਾ ਰੂਪ ਦੇ ਦਿੱਤਾ ਜਾਏ ਤਾਂ ਕਿ ਖਾਹਿਸ਼ਮੰਦ ਇਹਨਾਂ
ਦੀ ਮੁਨਾਫ਼ਕਤ/ਲਾਹਾ ਆਉਣ ਵਾਲੇ ਵਕਤ ਵਿੱਚ ਵੀ ਲੈ ਸਕਣ।
ਜ਼ਿਕਰਯੋਗ ਹੈ ਕਿ 'ਨਿਰਾਲਮ' ਗਰੁੱਪ ਦੀਆਂ ਸਾਰੀਆ ਪੇਸ਼ਕਾਰੀਆਂ ਸਮੁੱਚੇ ਰੂਪ ਵਿੱਚ
ਕਾਲਜ ਦੇ ਅਧਿਆਪਕ ਮੈਡਮ ਕਿਰਨ ਬਾਲਾ ਦੀ ਡੂੰਘੀ ਸੋਚ ਤੇ ਸਿਰਜਣਾਤਮਕ
ਕਲਾ ਦੀ ਦੇਣ ਹਨ।
ਕਾਲਜ ਦੇ ਪ੍ਰਬੰਧਕ ਅਤੇ ਸਮੂਹ ਸਟਾਫ ਨੇ ਇਹਨਾਂ ਉਪਰਾਲਿਆਂ ਨੂੰ ਸੁਚੱਜੇ ਢੰਗ
ਨਾਲ ਸੰਪੰਨ ਕਰਨ ਵਿਚ ਹਮੇਸ਼ਾ ਵੱਡਮੁੱਲਾ ਯੋਗਦਾਨ ਪਾਇਆ।
ਪਰਮਾਤਮਾ ਦੇ ਬੇਹੱਦ ਸ਼ੁਕਰਗੁਜ਼ਾਰ ਹਾਂ ਕਿ ਉਸ ਦੀਆਂ
ਨਿਵਾਜੀਆ ਰੂਹਾਂ ਇਸ ਸਫ਼ਰ ਨੂੰ ਸੁਹੇਲਾ ਕਰਨ ਵਿਚ ਸਹਾਈ ਹਨ।

ਡਾ. ਨਵਦੀਪ ਕੌਰ
ਪ੍ਰਿੰਸੀਪਲ


ਕਦੋਂ ਤੱਕ ਆਖ਼ਿਰ ਕਦੋਂ ਤੱਕ ਆਖ਼ਿਰ ਕਦੋਂ ਤੱਕ ਆਖ਼ਿਰ

# ਕਦੋਂ ਤੱਕ ਆਖ਼ਿਰ...?

(ਨਵੇਂ ਸਾਲ ਨੂੰ ਸਮਰਪਿਤ)

ਦੋਸਤੋ
ਕਦੋਂ ਤੱਕ... ?
ਆਖ਼ਿਰ ਕਦੋਂ ਤੱਕ...?
ਸਾਲ ਮਹੀਨੇ ਇੰਝ ਹੀ ਚੜ੍ਹਦੇ ਰਹਿਣਗੇ
ਤੇ ਅਸੀਂ ਅੱਖਾਂ ਮੀਟੀਂ
ਜੀਅ ਜਾਣਾ
ਪੁਰਾਣੀਆਂ ਹੀ ਆਦਤਾਂ, ਗੱਲਾਂ
ਤੇ ਸੋਚਾਂ ਦੇ ਨਾਲ
ਆਖ਼ਿਰ ਕਦੋਂ ਤੱਕ... ?
ਲੜਦੇ ਮਰਦੇ ਰਹਿਣਾ
ਉਹਨਾਂ ਹੀ ਝੂਠੀਆਂ ਗੱਲਾਂ ਪਿੱਛੇ
ਮੈਂ ਪਿੱਛੇ, ਮੇਰੀ ਪਿੱਛੇ ਤੇ
ਸਿਰਫ਼ ਮੇਰੇ ਲਈ ਪਿੱਛੇ...
ਆਖ਼ਿਰ ਕਦੋਂ ਤੱਕ... ?
ਕੰਮਾਂ ਕਾਰਾਂ ਤੋਂ ਔਖੇ ਹੋਣਾ
ਛੁੱਟੀਆਂ ਤੇ ਮਰਦੇ ਜਾਣਾ
ਖਾਂਦੇ ਜਾਣਾ...ਸੌਂਦੇ ਜਾਣਾ
ਜਾਂ ਫਿਰ

ਮਰਨ ਤੋਂ ਡਰਦੇ ਜਾਣਾ
ਆਖ਼ਿਰ ਕਦੋਂ ਤੱਕ... ?
ਇੱਕ ਦੂਜੇ ਨਾਲ ਨਫ਼ਰਤ ਪਾਲਣੀ
ਜ਼ਿੰਦਗੀ ਇੰਝ ਹੀ ਗਾਲਣੀ
ਕਦੋਂ ਤੱਕ... ?
ਦਿਨ ਚੜ੍ਹਦਿਆਂ ਅਲਮਾਰੀ ਚੋਂ
ਕੁੱਝ ਵੱਖਰਾ ਜਿਹਾ ਪਾਉਣ ਦਾ ਫ਼ਿਕਰ
ਕਮਾਉਣ ਦਾ ਫ਼ਿਕਰ
ਕਿਸਨੇ ਮੇਰੇ ਲਈ ਕੀ ਕਿਹਾ
ਵਾਪਿਸ ਉਸਨੂੰ ਸੁਣਾਉਣ ਦਾ ਫਿਕਰ
ਕੁੱਝ ਪਾ ਲੈਣ ਦਾ
ਤੇ ਫਿਰ ਗਵਾਉਣ ਦਾ ਫਿਕਰ
ਸਾਰੀ ਦੁਨੀਆ ਜਹਾਨ ਦੀਆਂ
ਮਾੜੀਆਂ ਚੰਗੀਆਂ ਲੈ ਕੇ
ਘਰ ਆਉਣਾ ਖਾਣਾ ਪੀਣਾ ਸੌਣਾ
ਤੇ ਫਿਰ ਅਗਲੇ ਦਿਨ ਦੇ
ਕੱਪੜੇ SELECT ਕਰਨ ਲਈ
ਅਲਮਾਰੀ ਅੱਗੇ ਖਲਾਉਣਾ

ਆਖ਼ਿਰ ਕਦੋਂ ਤੱਕ... ?
ਕਦੋਂ ਤੱਕ ਬਸ
ਸੰਗਰਾਂਦ ਤੇ ਕੜਾਹ ਪ੍ਰਸਾਦਿ ਖਾਹ ਕੇ
ਕੰਮ ਮੁਕਾ ਛੱਡਣਾ
ਵੱਧ ਤੋਂ ਵੱਧ ਪਾਠ ਕਰ ਲੈਣਾ
ਬਹੁਤੀ ਗੱਲ ਤਾਂ ਦਾਨ ਕਰ ਦੇਣਾ
ਤੇਰਾ ਹੈ ਕੀ ਸੀ... ?
ਸਭ ਕੁੱਝ ਏਸੇ ਧਰਤ ਤੋਂ ਲੈ ਕੇ
ਏਥੇ ਹੀ ਦਾਨ
ਤੇ ਉਤੋਂ
ਮਾਣ ਹੀ ਮਾਣ
ਆਖ਼ਿਰ ਕਦੋਂ ਤੱਕ... ?
ਕਦੋਂ ਤੱਕ... ?
LIPSTICK ਦੀਆਂ SHADES
ਲੱਭਣ ਲਈ ਜ਼ਿੰਦਗੀ ਬਤੀਤ ਕਰਨੀ
MATCHING ਜੁੱਤੀ RUBBER BAND
ਤੇ ਹੋਰ ਘਰ ਦਾ ਨਿੱਕ-ਸੁੱਕ
ਕਦੋਂ ਤੱਕ... ?

ਵਿਆਹ ਦੀ shopping ਕਰਨ ਨੂੰ
ਜ਼ਿੰਦਗੀ ਦਾ ਆਖ਼ਰੀ ਸੱਚ ਮੰਨਣਾ
ਕਦੋਂ ਤੱਕ ਕਹਿਣਾ ਕਿ
ਇਹ ਗੱਲਾਂ ਫ਼ਲਾਸਫ਼ੀ ਨੇ
ਮੇਰੇ ਵੱਸ ਦੀਆਂ ਨਹੀਂ
ਕਦੋਂ ਤੱਕ ਆਪਣੇ ਆਪ
ਅੱਗੇ ਸ਼ਰਮਿੰਦੇ ਹੋ ਕੇ
ਖ਼ੁਦ ਤੋਂ ਹੀ ਨਜ਼ਰਾਂ ਚੁਰਾਉਣੀਆਂ
ਆਖ਼ਿਰ ਕਦੋਂ ਤੱਕ... ?
ਇਹ ਸਾਲ ਮਹੀਨੇ ਐਵੇਂ ਨਹੀਂ ਚੜ੍ਹਦੇ
ਤੂੰ ਸ਼ਾਇਦ ਭੁੱਲ ਗਿਆ ਏ
ਬਹੁਤ ਸਾਰੇ ਰੋਜ਼ ਤੁਰ ਜਾਂਦੇ
ਏਸ ਧਰਤੀ ਤੋਂ
ਤੂੰ ਅਗਰ ਅਜੇ ਤੱਕ ਜਿਊਂਦਾ ਏ
ਤਾਂ
ਏਹ ਸਾਲ ਮਹੀਨੇ ਉਡੀਕ
'ਚ ਨੇ
ਕਿ ਆਖ਼ਿਰ ਕਦੋਂ ਤੱਕ

ਤੂੰ ਉਹਨਾਂ ਨੂੰ
ਅੱਖਾਂ ਖੋਲ੍ਹ ਕੇ ਨਹੀਂ ਤੱਕਦਾ
ਇਹਨਾਂ ਮਹੀਨਿਆਂ ਦੇ ਕੁੱਝ ਅਰਥ ਨੇ
ਕਦੋਂ ਤੱਕ ਭੱਜਣਾ... ?
ਕਦੋਂ ਤੱਕ ਖੁਦ ਨੂੰ ਨਹੀਂ ਮਿਲਣਾ
ਆਖ਼ਿਰ ਕਦੋਂ ਤੱਕ... ?



**ਕਦੋਂ ਤੱਕ ਆਖ਼ਿਰ...?**

# ਸ਼ਾਹਿਬਜ਼ਾਦੇ


ਸਾਹਿਬਜ਼ਾਦੇ ਸਾਹਿਬਜ਼ਾਦੇ
ਗੁਰੂ ਗੋਬਿੰਦ ਦੇ ਲਾਲ
ਤੇ ਜਜ਼ਬਾ ਬਾ-ਕਮਾਲ
ਗੁਜਰੀ ਦੇ ਪਿਆਰੇ ਪੋਤਰੇ
ਡਰ ਖ਼ੌਫ ਤੋਂ ਹੋ ਪਰੇ
ਬੁਲੰਦ ਇਰਾਦੇ
ਸਾਹਿਬਜ਼ਾਦੇ
ਧਰਮ ਦੇ ਪੱਕੇ
ਕਰਮ ਦੇ ਪੱਕੇ
ਹੌਸਲਿਆਂ ਦੀ ਅਦਭੁਤ ਮਿਸਾਲ
ਨੰਨ੍ਹੇ ਕਦਮ ਤੇ ਅਣਖੀ ਚਾਲ
ਧਰਤ ਹਿਲਾਂਦੇ
ਸਾਹਿਬਜ਼ਾਦੇ
ਜੰਗ ਸਰਹੰਦ
ਚਮਕੌਰ ਦੀ ਕੰਧ
ਤੱਕਣ ਹੈਰਾਨ ਤੇ
ਅੱਜ ਵੀ ਸਮੇਂ ਨਾਲ

ਇੱਥੇ ਕਲਮਾਂ 'ਚੋਂ ਇਨਸਾਨੀਅਤ ਦੇ ਸੰਦੇਸ਼ ਦਿਸਣ
ਮੁਕਾਮ ਉੱਚੇ ਤੇ ਦਰਵੇਸ਼ ਦਿਸਣ
ਇਹਦੇ ਬੱਚੇ ਧਰਤ ਨੂੰ ਜਾਗ ਲਾਉਣ
ਖੁਸ਼ੀਆ-ਖੇੜਿਆਂ ਦੇ ਭਾਗ ਲਾਉਣ
ਤੇਰੇ ਅੰਗ-ਸੰਗੇ
ਦਿਲ ਖ਼ੈਰ ਮੰਗੇ
ਦਿਲ ਖ਼ੈਰ ਮੰਗੇ
ਹਜ਼ੂਰ! ਤੇਰੇ ਰੂਬਰੂ, ਮੇਰੀ ਬੇਨਤੀ, ਮੇਰੀ ਆਰਜ਼ੂ।

# ਸ਼ਹਾਦਤ

ਸ਼ਹਾਦਤ
ਮਾਸੂਮ ਸ਼ਹਾਦਤ
ਨੰਨ੍ਹੇ-ਮੁੰਨੇ ਪਿਆਰੇ-ਪਿਆਰੇ
ਸਾਹਿਬਜ਼ਾਦੇ
ਸੰਤ-ਸਿਪਾਹੀ ਦੇ
ਬਾਜਾਂ ਵਾਲੇ ਮਾਹੀ ਦੇ
ਥੰਮ੍ਹ ਕੌਮ ਦਾ ਬਣ ਗਏ
ਖੜ੍ਹ ਗਏ
ਬੁਨਿਆਦ ਬਣ, ਤਣ ਗਏ
ਉਮਰਾਂ ਤੋਂ ਪਾਰ ਬਹਾਦਰੀ
ਸਜਦਾ ਬਲੀਦਾਨ ਲਈ
ਇਨਸਾਨ, ਇਨਸਾਨੀਅਤ
ਤੇ ਸੱਚ ਦੇ ਪ੍ਰਮਾਣ ਲਈ
ਅਡੋਲਤਾ ਜ਼ਮੀਰ 'ਚ
ਜਜ਼ਬਾ ਖ਼ਮੀਰ 'ਚ
ਰਣ ਦੇ ਮੈਦਾਨ ਵਿੱਚ
ਨੇਜ਼ਿਆਂ ਤਲਵਾਰਾਂ ਦੀ

ਲਾਲਾਂ ਦੀ ਲਲਕਾਰ ਦੀਆਂ
ਬਾਤਾਂ ਪਾਣ
ਕੌਮ ਜਗਾਂਦੇ
ਸਾਹਿਬਜ਼ਾਦੇ
ਦਾਦੀ ਦੀਆਂ ਬਾਤਾਂ
ਤੇ ਬੁਰਜ ਠੰਡੇ
ਉਮਰ ਨਿਆਣੀ ਨੂੰ
ਸ਼ਹਾਦਤ ਰੰਗੇ
ਹੋ ਕੁਰਬਾਨ ਸਮੇਂ ਨੂੰ
ਮਾਤ ਪਾਂਦੇ
ਸਾਹਿਬਜ਼ਾਦੇ
ਝੁਕਣਾ ਨਾ ਸਿਖਿਆ
ਲੁਕਣਾ ਨਾ ਸਿੱਖਿਆ
ਹਾਲਾਤ ਦੇ ਡਰ ਤੋਂ
ਟੁੱਟਣਾ ਨਾ ਸਿੱਖਿਆ
ਫਤਿਹ ਦੀ ਗਰਜ ਨਾਲ
ਇਤਿਹਾਸ ਕੰਬਾ ਦੇ
ਸਾਹਿਬਜ਼ਾਦੇ
ਸਾਹਿਬਜ਼ਾਦੇ


SHAMSI GUEST HOUSE
ANISA TRADERS
SHAMS

# ੩੧ ਦਿਸੰਬਰ ਦੀ ਸ਼ਾਮ

ਕੱਲ
ਮੈਂ ਆਪਣੀ ਦੋਸਤ ਨਾਲ ਜਾਮ 'ਚ ਫਸ ਗਈ
NEW YEAR ਤੋਂ ਪਹਿਲਾਂ ਦੀ ਸ਼ਾਮ 'ਚ ਫਸ ਗਈ
ਦੁਨੀਆ ਹੀ ਦੁਨੀਆ
ਭੀੜ ਹੀ ਭੀੜ
ਊਟ-ਪਟਾਂਗ ਖਾਂਦੇ ਲੋਕ
ਨਵਾਂ ਸਾਲ ਮਨਾਂਦੇ ਲੋਕ
ਮੈਂ ਸੋਚਿਆ
ਇਹ ਕੀ ਮਨਾ ਰਹੇ ਨੇ
ਬਸ ਭੀੜ ਵਧਾ ਰਹੇ ਨੇ
ਇਕ ਦੂਜੇ ਅੱਗੇ ਗੱਡੀ ਮੋਟਰ ਖੜ੍ਹੀ ਕਰਦੇ
ਔਖੇ ਹੋ-ਹੋ ਘੂਰਦੇ
ਖਿੱਝਦੇ, ਗਾਲਾਂ ਕੱਢਦੇ
ਇਹ ਆਪਣੇ ਪਰਿਵਾਰਾਂ ਨਾਲ
ਖੁਸ਼ੀਆਂ ਮਨਾਉਣ ਲਈ ਬਾਹਰ ਆਏ
ਪਰ ਹਰ ਇੱਕ ਨੂੰ
ਸੜਕਾਂ ਤੇ ਦਿੱਸਦਾ ਦੂਜਾ ਬੰਦਾ

ਵੇਹੁ ਵਿਖਾਲੀ ਦੇ ਰਿਹਾ
ਕਲੱਬਾਂ-ਪੱਬਾਂ ਦੇ
ਡਾਂਸ 'ਚ ਜਾਂਦੇ
ਅਮੀਰ ਹੋਣ ਦਾ ਲੁਤਫ਼ ਉਠਾਂਉਦੇ
ਖ਼ੁਦ ਨੂੰ ਭਰਮਾਉਂਦੇ
ਆਹਰੇ ਲਾਉਂਦੇ
ਇਹ ਸ਼ੋਰ-ਸ਼ਰਾਬਾ ਪਾਂਦੇ ਲੋਕ
ਇਹ ਨਵਾਂ ਸਾਲ ਮਨਾਂਦੇ ਲੋਕ
ਏ ਅਸਲ 'ਚ ਸਾਨੂੰ ਭੁੱਖਿਆਂ ਨੂੰ
ਪੈਸਾ ਲੱਭਾ
ਲੁੱਟੇ ਜੂ ਬੜੇ ਵਾਰ ਗਏ ਸਾਂ
ਕਦੀ ਗਜ਼ਨਵੀ ਤੇ ਅਬਦਾਲੀ ਆ ਗਏ
ਕਦੀ ਅੰਗਰੇਜ਼ ਸਾਡਾ ਘਰ-ਬਾਰ ਸਭ
ਖਾ ਗਏ
ਉੱਤੋਂ ਅਸੀਂ ਅੰਦਰੋਂ ਡਰੇ ਹੋਏ ਲੋਕ
ਕਾਹਲੀ ਕਾਹਲੀ 'ਚ ਜਿਊਣ ਲਈ
ਮਰੇ ਹੋਏ ਲੋਕ
ਸਾਨੂੰ ਪਾਉਣ ਤੇ ਖਾਣ ਦਾ ਸ਼ੁਦਾਅ
ਮਾਰ ਗਿਆ

ਅੰਗਰੇਜ਼ੀ ਤਰਜ਼ ਦਾ ਚਾਅ ਮਾਰ ਗਿਆ
ਕੁੱਝ ਫ਼ਿਲਮੀ ਸਿਤਾਰਿਆਂ ਦੀ ਨਕਲ ਮਾਰ ਗਈ
ਬਾਕੀ AMAZON , MYNTRA 'ਤੇ ਲੱਗੀ ਸੇਲ
ਸਾਡੀ ਅਕਲ ਮਾਰ ਗਈ
ਸਾਰਾ-ਸਾਰਾ ਦਿਨ ਫ਼ੋਨ ਤੋਂ
ਸਮਾਨ ਖਰੀਦਣ ਲਈ ਵਕਤ ਲੰਘਾਇਆ
ਫਿਰ ਪਾਇਆ, ਫਿਰ ਦੂਜੇ ਨੂੰ ਵਿਖਾਇਆ
ਏ ਖ਼ੁਦ ਨੂੰ ਸਾਮਾਨ ਨਾਲ
ਸਜਾਂਦੇ ਲੋਕ
ਏ ਨਵਾਂ ਸਾਲ ਮਨਾਂਦੇ ਲੋਕ
ZOMATO, SWIGGY ਵੀ ਸ਼ਾਨ ਹੋ ਗਿਆ
ORDER ਕਰਨ 'ਚ ਬੜਾ ਮਾਣ ਹੋ ਗਿਆ
ਛੱਡੋ ਘਰ ਅੱਜ ਕੀ ਪਕਾਉਣਾ
ਨਵਾਂ ਸਾਲ ਏ
ਕੁਝ ਬਾਹਰੋਂ ਨਹੀਂ ਮੰਗਵਾਉਣਾ... ?
ਆਪਣੇ ਚੁੱਲੇ ਠੰਡੇ ਪਾਏ
ਭੁੜਕਦੇ-ਭੁੜਕਦੇ ਪੀਜ਼ਾ, ਬਰਗਰ, ਪਾਸਤਾ ਆਏ
ਦੋ-ਚਾਰ ਮਹਿਮਾਨ ਵੀ ਸੱਦ ਲਏ
ਨਵੇਂ ਕੱਪ ਪਲੇਟਾਂ ਕੱਢ ਲਏ

ਫਿਰ ਉਨ੍ਹਾਂ 'ਚ ਖਾਣੇ ਸਜਾ 'ਤੇ
ਚਲੋ ਏਸੇ ਬਹਾਨੇ ਭਾਂਡੇ ਵੀ ਵਖਾ 'ਤੇ
ਫਿਰ ਇੱਕ-ਇੱਕ ਬੁਰਕੀ ਨਾਲ
ਫੋਟੋ ਲਈ ਮੂੰਹ ਬਣਾਂਦੇ ਲੋਕ
ਏ ਨਵਾਂ ਸਾਲ ਮਨਾਂਦੇ ਲੋਕ
ਉਹੋ.. 12 ਵਜੇ UPDATE ਵੀ ਕਰਨਾ
ਨਵਾਂ ਸਟੇਟਸ ਫੋਨ 'ਚ ਭਰਨਾ
ਬਈ ਆਲੇ-ਦੁਆਲੇ ਨੂੰ ਵੀ ਤਾਂ
ਵਖਾ ਦਈਏ
ਕਿ ਸਮਝਿਓ ਨਾ ਨਿਰੇ ਘੋਗੇ ਆ
ਅਸੀਂ ਵੀ ਏਨੇ ਜੋਗੇ ਆ
ਸਾਨੂੰ ਐਵੇਂ ਘੈਂਵੇ ਨਾ ਸਮਝ ਲਿਓ
ਪਹਿਲਾਂ STATUS CHECK ਕਰੋ
ਫਿਰ ਕੁੱਝ ਕਿਹੋ
ਤੇ ਫਿਰ ਇਹ ਵੀ ਵੇਖਣਾ
ਕਿ ਕਿੰਨੇ-ਕਿੰਨੇ STATUS ਵੇਖ ਲਿਆ
ਵੇਖਕੇ ਸੜਿਆ ਹੋਊ ਕਿ ਨਾ
ਹਿਸਾਬ-ਕਿਤਾਬ
ਲਗਾਂਦੇ ਲੋਕ

ਏ ਨਵਾਂ ਸਾਲ ਮਨਾਂਦੇ ਲੋਕ
ਚੱਲ ਖ਼ੈਰ ਹੋਵੇ ਇਹਨਾਂ ਸਾਰਿਆਂ ਦੀ
ਉਂਝ ਤੇ ਹਰ ਪਲ ਇਕ ਨਵਾਂ ਵਰ੍ਹਾ
ਕਿਤੇ ਫ਼ਕੀਰੀ ਜਗਾ ਦੇਵੇ ਅਸਲ ਅਮੀਰੀ ਜਗਾ ਦੇਵੇ
ਪ੍ਰੇਮ ਜਗੇ...ਰੂਹ ਰੋਸ਼ਨ ਹੋਵੇ
ਰੱਬ ਤੁਹਾਡਾ ਸਭ ਦਾ ਭਲਾ ਕਰੇ
ਨਵਾਂ ਸਾਲ ਤੁਹਾਨੂੰ ਨਵਾਂ ਕਰੇ
ਨਵਾਂ ਸਾਲ ਤੁਹਾਨੂੰ ਨਵਾਂ ਕਰੇ

# ਦਿਲ ਖ਼ੈਰ ਮੰਗੇ

ਹਜ਼ੂਰ ਤੇਰੇ ਰੂਬਰੂ, ਮੇਰੀ ਬੇਨਤੀ, ਮੇਰੀ ਆਰਜ਼ੂ
ਕਿ ਜ਼ੱਰਾ-ਜ਼ੱਰਾ ਏਸ ਵੇਹੜੇ ਦਾ
ਤਮਾਮ ਹਯਾਤੀ ਗਿਆਨ ਵੰਡੇ
ਦਿਲ ਖ਼ੈਰ ਮੰਗੇ
ਦਿਲ ਖ਼ੈਰ ਮੰਗੇ
ਇਹਦੇ ਨੰਨ੍ਹੇ-ਮੁੰਨੇ ਕਦਮ ਤੁਰੇ
ਪੁੱਟ-ਲਾਘਾਂ ਖ਼ੁਆਬਾਂ ਨਾਲ ਜੁੜੇ
ਇਹਦਾ ਸਫ਼ਰ ਦਿਸਹੱਦਿਆਂ ਤੱਕ ਫੈਲੇ
ਰੂਹਾਂ ਨੂੰ ਚਾਨਣ ਰੰਗ ਰੰਗੇ।
ਦਿਲ ਖ਼ੈਰ ਮੰਗੇ
ਦਿਲ ਖ਼ੈਰ ਮੰਗੇ।
ਵਿੱਦਿਆ ਅਲੌਕਿਕ ਬਖ਼ਸ਼ ਇਹਨੂੰ
ਤੇਰੇ ਤੱਕ ਪਹੁੰਚਾਏ ਜੋ ਲਕਸ਼ ਇਹਨੂੰ
ਕੋਈ ਪ੍ਰੇਮ-ਏਕੇ ਦਾ ਬੀਜ ਲੈ ਜਾਏ
ਸਦੀਆਂ ਦੀ ਉਮਰ, ਇਹਦਾ ਦਰ ਲੰਘੇ
ਦਿਲ ਖ਼ੈਰ ਮੰਗੇ
ਦਿਲ ਖ਼ੈਰ ਮੰਗੇ

ਇੱਥੇ ਕਲਮਾਂ 'ਚੋਂ ਇਨਸਾਨੀਅਤ ਦੇ ਸੰਦੇਸ਼ ਦਿਸਣ
ਮੁਕਾਮ ਉੱਚੇ ਤੇ ਦਰਵੇਸ਼ ਦਿਸਣ
ਇਹਦੇ ਬੱਚੇ ਧਰਤ ਨੂੰ ਜਾਗ ਲਾਉਣ
ਖੁਸ਼ੀਆ-ਖੇੜਿਆਂ ਦੇ ਭਾਗ ਲਾਉਣ
ਤੇਰੇ ਅੰਗ-ਸੰਗੇ
ਦਿਲ ਖ਼ੈਰ ਮੰਗੇ
ਦਿਲ ਖ਼ੈਰ ਮੰਗੇ
ਹਜ਼ੂਰ! ਤੇਰੇ ਰੁਬਰੂ, ਮੇਰੀ ਬੇਨਤੀ, ਮੇਰੀ ਆਰਜ਼ੂ।

# ਮਾਘ ਮਹੀਨਾ

(ਦੇਸੀ ਮਹੀਨੇ ਮਾਘ ਨੂੰ ਸਮਰਪਿਤ)

ਆਇਆ ਮਹੀਨਾ ਮਾਘ ਦਾ
ਨੈਣਾਂ 'ਚ ਕੀ ਪਿਆ ਜਾਗਦਾ
ਇਹ ਦੀ ਅੰਗੜਾਈਆਂ ਆ ਰਹੀਆਂ
ਠੰਡੀਆਂ ਹਵਾਵਾਂ ਪੱਤਿਆਂ ਨਾਲ ਰਲ
ਕੀ ਸੁਨੇਹੜੇ ਪਹੁੰਚਾ ਰਹੀਆਂ
ਇਹ ਲਿਸ਼ਕਦੀ ਜਿਹੀ ਧੁੱਪ ਹੈ
ਇਹ ਜੋ ਪਤਝੜਾਂ ਦੀ ਚੁੱਪ ਹੈ
ਇਹ ਨਵੇਂ ਦੇ ਆਸਾਰ ਨੇ
ਰੁੱਖ ਜਾਗਣ ਨੂੰ ਫਿਰ ਤਿਆਰ ਨੇ
ਇਹ ਗਾਹੇ-ਬਗਾਹੇ ਆਉਂਦੀਆਂ
ਮੀਂਹ ਦੀਆਂ ਕਣੀਆਂ ਗਾਉਂਦੀਆਂ
ਧਰਤੀ ਦੀ ਹਿੱਕ 'ਤੇ ਕਿਣਮਿਣ ਕਰਨ
ਰੁੱਤ ਬਦਲਣ ਦਾ ਜੋ ਦਮ ਭਰਨ
ਇਹ ਵੇਲਾ ਤੇਰੇ ਭਾਗ ਦਾ
ਪਿਆ ਮਾਘ ਮਹੀਨਾ ਆਖਦਾ
ਕਿ ਮੇਰੀ ਸੁਣ ਜ਼ਰਾ

ਸੁਣ ਜ਼ਰਾ ਮੈਂ ਧਰਤੀ ਦੇ ਹੱਥ
ਤੈਨੂੰ ਭੇਜਿਆ ਹੈ ਇੱਕ ਖ਼ਤ
ਧਰਤੀ:- ਮੈਂ ਧਰਤ ਤੇ ਇਹ ਮੇਰੇ ਭਾਗ ਨੇ
ਕਿ ਮੇਰੇ ਹੱਥ ਪੈਗ਼ਾਮ ਭੇਜਿਆ ਮਾਘ ਨੇ
ਉਹ ਕਹਿ ਰਿਹਾ
ਕਿ ਮੈਂ
ਇਸ ਮਿੱਟੀ ਦੇ
ਬਦਲਣ ਦਾ ਵੇਲਾ ਹਾਂ
ਮੈਂ ਅੰਨ ਹਾਂ ਇਸ ਧਰਤ ਦਾ
ਮੈਂ ਮਨ ਹਾਂ ਤੇਰੇ ਜਿਸਮ ਦਾ
ਤੂੰ ਜੇਹੋ ਜਿਹਾ ਅੰਨ ਖਾਵੇਂਗਾ
ਉਹੋ ਜਿਹਾ ਬਣ ਜਾਵੇਂਗਾ
ਇਸ ਮਹੀਨੇ
ਧਰਤ ਨੂੰ ਰੂਪ ਚੜ੍ਹੇ
ਵੇਖ ਪੁਰਾਣੇ ਪੱਤ ਝੜੇ
ਵੇਖ ਨਵਿਆਂ ਨੇ ਥਾਂ ਲਈ
ਤੂੰ ਏਸ ਮਹੀਨੇ ਪਿਆਰਿਆ
ਜੇ ਸਾਦੀ ਰੋਟੀ ਖਾ ਲਈ
ਤੇਰ ਮਾੜੀ ਸੋਚ ਟੁੱਟ ਜਾਊ
ਮਨ-ਤਨ ਦਾ ਰੋਗ ਮੁੱਕ ਜਾਊ

ਜੇ ਤੂੰ ਕਦਰ ਕੀਤੀ ਅੰਨ-ਪਾਣੀ ਦੀ
ਹਰ ਬੱਚੇ-ਬੁੱਢੇ ਤੇ ਹਾਣੀ ਦੀ
ਜੇ ਜ਼ੁਬਾਨ ਵੀ ਮਿੱਠੇ ਬੋਲ ਕਹੂ
ਤੈਨੂੰ ਮਾਘ ਮਹੀਨਾ ਵਰ ਦਊ
ਕੁਝ ਪਲ ਰੁੱਖਾਂ ਕੋਲ ਜੇ ਬਹਿ ਜਾਏਗਾ
ਤੇਰਾ ਦੁੱਖ ਥਕੇਵਾਂ ਲਹਿ ਜਾਇਗਾ
ਜੇ ਰੋਜ਼ ਨਿੱਤ ਨੇਮ ਬਣਾ ਲਵੇਂਗਾ
ਹਰ ਪਲ ਨੂੰ ਅਗਰ ਸ਼ੁਕਰੀਆ ਕਹੇਂਗਾ
ਤਾਂ ਵਾਪਸੀ ਵਿਚ ਪਿਆਰਿਆ
ਕਈ ਤੋਹਫ਼ੇ ਕੁਦਰਤ ਤੋਂ ਲਏਂਗਾ
ਅਗਰ ਆਲਸ ਸੁਸਤੀ ਕੱਢਕੇ
ਇਸ ਮਹੀਨੇ ਫ਼ੋਨ ਵੀ ਛੱਡ ਕੇ
ਵਿਆਹ ਤੇ ਪਾਰਟੀਆਂ ਭੁੱਲ ਕੇ
ਨਵੇਂ ਜੈਕਟ ਬੂਟਾਂ 'ਤੇ ਨਾ ਡੁੱਲ ਕੇ
ਆਜ਼ਾਦ ਹੋ ਤੁਰੇਂਗਾ
ਤਾਂ ਵੇਖੀ
ਏਸ ਮਹੀਨੇ ਮਾਘ ਨੇ
ਤੇਰੇ ਸਾਹਵੇਂ
ਅਸਲ ਖਜ਼ਾਨਾ ਖੋਲਣਾ
ਪਰ ਸ਼ਰਤ ਇੱਕ

ਕਿ ਏਸ ਮਹੀਨੇ
ਇੱਕ ਝੂਠ ਨਹੀਂ ਬੋਲਣਾ
ਇਹ ਨਾ ਸਮਝੀਂ
ਮੈਂ ਹਾਸੋਹੀਣੀ ਗੱਲ ਕਹੀ
ਇਹ ਸੋਲਾਂ ਆਨੇ ਹੈ ਸਹੀ
ਕਿ ਮਾਘ ਮਹੀਨੇ ਤੋਂ ਜੋ ਵੀ ਸ਼ਖ਼ਸ
ਸਾਦਾ ਖਾਊ ਸਾਦਾ ਰਹੂ
ਉਹਨੂੰ ਮਾਘ ਮਹੀਨਾ ਵਰ ਦਊ
ਮੈਂ ਧਰਤ 'ਤੇ ਇਹ ਮੇਰੇ ਭਾਗ ਨੇ
ਕਿ ਮੇਰੇ ਹੱਥ ਪੈਗਾਮ ਭੇਜਿਆ ਮਾਘ ਨੇ
ਅੰਬਰ:- ਮਾਲਕ ਦੀ ਏ ਕ੍ਰਿਪਾ ਏ
ਕਿ ਤੈਨੂੰ ਮਾਘ ਮਹੀਨੇ ਖ਼ਤ ਘੱਲਿਆ
ਮੈਂ ਅੰਬਰ, ਮੇਰੇ ਹੱਥ ਘੱਲਿਆ
ਇਸ ਮਹੀਨੇ
ਧਰਤ ਨੇ ਸੂਰਜ ਦੁਆਲੇ ਦੋਸਤਾ
ਚੱਕਰ ਨਵਾਂ ਆਰੰਭਿਆ
ਪੁਰਾਣੇ ਨੂੰ ਉਤਾਰ ਸੁੱਟਿਆ
ਹੋਰ ਚੰਗੇ ਦੀ ਆਸ ਵਿੱਚ
ਕਦਮ ਨਵਾਂ ਫਿਰ ਪੁੱਟਿਆ
ਇਸ ਮਹੀਨੇ ਦੋਸਤਾ

ਨਾੜਾਂ ਦੇ ਵਿੱਚ ਤੇਰੇ
ਲਹੂ ਤੱਕ ਤਾਜ਼ਾ ਹੋ ਕੇ ਵਹਿਣ
ਫਿਰ ਆਦਤਾਂ ਕਿਉਂ
ਪੁਰਾਣੀਆਂ ਹੀ ਰਹਿਣ
ਏਸ ਮਹੀਨੇ ਜੇ ਕਿਧਰੇ
ਰੀੜ ਦੀ ਹੱਡੀ ਸਿੱਧੀ ਕਰ
ਬੈਠੇਂਗਾ ਆਪਣੇ ਆਪ ਨਾਲ
ਆਪਣੇ ਵੱਲ ਕਰ ਖ਼ਿਆਲ
ਆਉਂਦੇ ਜਾਂਦੇ ਸਾਹ ਤੱਕੇਂਗਾ
ਕਿਤੇ ਸਵੇਰੇ ਉਠਦਿਆਂ
ਸ਼ੁਕਰ ਕਰੇਂਗਾ ਦਿਨ ਚੜ੍ਹਨ ਦਾ
ਮੁਸਕੁਰਾ ਕੇ ਘਰ ਨੂੰ ਵੇਖੇਂਗਾ
ਹਰ ਇੱਕ ਇਨਸਾਨ ਨਾਲ ਖੁਸ਼ ਹੋ ਕੇ
ਜਦੋਂ ਮੁਸ਼ਕਲਾਂ 'ਚ ਵੀ ਹੱਸੇਂਗਾ
ਤਾਂ ਵੇਖੀ ਇਹ ਫਿਜ਼ਾ
ਇਹ ਕੁਦਰਤ
ਤੇਰੇ ਅੰਦਰ ਆਪ-ਮੁਹਾਰੇ ਹੀ
ਨਵੀਂ ਤਾਕਤ ਕੋਈ ਭਰ ਦਊ
ਤੈਨੂੰ ਮਾਘ ਮਹੀਨਾ ਵਰ ਦਊ

ਕੁਦਰਤ:-      ਉਏ ਫੁੱਲਾਂ ਵਰਗੇ ਬੱਚਿਓ
ਧਰਤੀ ਦੇ ਬਾਸ਼ਿੰਦਿਓ
ਮੈਂ ਕੁਦਰਤ ਮਾਘ 'ਚੋ ਬੋਲ ਰਹੀ
ਖ਼ਤ ਏਸ ਮਹੀਨੇ ਦਾ ਖੋਲ ਰਹੀ
ਵੇਖੋ ਪਤ ਪੁਰਾਣੇ ਝੜ੍ਹ ਗਏ
ਤੁਸੀਂ ਉਹੀ ਪੁਰਾਣੀ ਸੋਚ ਲੈ
ਮਾਘ ਮਹੀਨੇ, ਵੜ ਗਏ
ਏਸ ਮਹੀਨੇ ਜੋ ਵੀ ਸ਼ਖ਼ਸ ਸੁਣੇ
ਨਵੇਂ ਸਿਰਿਓ ਤੁਰਨ ਦੀ ਹਾਮੀ ਭਰੂ
ਮਾਘ ਮਹੀਨਾ ਉਹਦਾ ਭਲਾ ਕਰੂ
ਅਗਰ
ਦਿਲ ਨੂੰ ਵਿਸ਼ਾਲ ਕਰ
ਹਵਾ ਨੂੰ ਆਗੋਸ਼ 'ਚ ਭਰ
ਕੁਦਰਤ ਦੇ ਭਲੇ ਦਾ ਸੋਚੇਂਗਾ
ਧਰਤ ਨੂੰ ਖ਼ੂਬਸੂਰਤ ਬਣਾਉਣ ਦੀ
ਉਮੰਗ ਨੂੰ ਲੋਚੇਂਗਾ
ਆਪਣੇ ਸਕੂਲ ਕਾਲਜ਼ ਘਰ ਤੋਂ
ਲੈਕੇ ਪੂਰੀ ਕੁਦਰਤ ਨਾਲ
ਇੱਕ ਹੋ ਜਾਏਂਗਾ

ਤਾਂ ਤੂੰ ਨਵੀਂ ਸੋਚ ਇਕ ਪਾਏਂਗਾ
ਦੁੱਖ-ਰੋਗ ਖਹਿੜਾ ਛੱਡਣਗੇ
ਦਿਲੋਂ, ਘਰੋਂ ਕਲੇਸ਼ ਵੀ ਭੱਜਣਗੇ
ਵੇਖੀਂ ਫਿਰ ਇਸ ਮਹੀਨੇ ਨੇ
ਤੇਰੇ ਮੱਥੇ ਮੌਜ ਦਾ ਤਾਜ ਧਰਨਾ
ਬਸ ਇਕੋ ਸ਼ਰਤ
ਕਿ ਏਸ ਮਹੀਨੇ
ਕੁਦਰਤ ਨੂੰ ਗੰਦਾ ਨਹੀਂ ਕਰਨਾ
ਜਿਹੜਾ ਖ਼ਰਾਬ ਵਿਚਾਰਾਂ ਤੋਂ ਕਿਧਰੇ
ਅੰਦਰ ਦੀ ਸਫ਼ਾਈ ਕਰ ਲਊ
ਉਹਨੂੰ ਮਾਘ ਮਹੀਨਾ ਵਰ ਦਊ
ਇਹ ਕੁਝ ਖ਼ਤ ਮਹੀਨੇ ਮਾਘ ਵੱਲੋਂ
ਤੁਹਾਡੀ ਆਤਮਾ ਦੇ ਚੰਗੇ ਭਾਗ ਵੱਲੋਂ
ਇਹਨਾਂ ਖ਼ਤਾਂ ਦੇ ਅਰਥ
ਫਿਰ ਹੀ ਮਿਲਣਗੇ
ਤੇਰੇ ਅੰਦਰੋਂ ਅਗਰ
ਚੇਤਨਾ ਦੇ ਫੁੱਲ ਖਿੜਣਗੇ
ਉੱਠ ਤੈਨੂੰ ਸਮਾਂ ਪੁਕਾਰ ਰਿਹਾ
ਏਹਨਾਂ ਸਾਲਾਂ ਮਹੀਨਿਆ ਏਹੋ ਕਿਹਾ
ਕਿ ਅੱਜ ਤੋਂ

ਨਵਾਂ ਜੀਵਨ ਫਿਰ ਸ਼ੁਰੂ ਕਰ
ਆਪਣੇ ਅੰਦਰ ਨਵੀਂ ਸਾਹ ਭਰ
ਜੋ ਸੱਚ ਨਾਲ ਤੁਰਨ ਦਾ ਵਾਅਦਾ ਲਊ
ਉਹਨੂੰ ਮਾਘ ਮਹੀਨਾ ਵਰ ਦਊ
ਇਹ ਕੁਝ ਖ਼ਤ ਮਹੀਨੇ ਮਾਘ ਵੱਲੋਂ



# ਹੁਣ ਤੁਰਦੇ ਹਾਂ

ਆ ਫਿਰ ਮਿੱਤਰਾ
ਹੁਣ ਤੁਰਦੇ ਹਾਂ
ਫਿਰ ਉਹ ਆਲੀਆਂ-ਭੋਲੀਆਂ ਗੱਲਾਂ
ਚਾਅ ਬਚਪਨ ਦੇ ਤੇ ਖੇਡਾਂ ਮੱਲਾਂ
ਰੁੱਖਾਂ-ਪੰਛੀਆਂ ਦੀ ਬਾਤ ਕਹਾਣੀ
ਆ ਵੱਡਿਆਂ ਤੋਂ ਫਿਰ ਸੁਣਦੇ ਹਾਂ
ਚੱਲ ਫਿਰ ਮਿੱਤਰਾ
ਹੁਣ ਤੁਰਦੇ ਹਾਂ
ਆ
ਇਕ-ਦੂਜੇ ਦਾ ਹੱਥ ਫੜ੍ਹ ਲਈਏ
ਖ਼ੁਦ ਤੇ ਜ਼ਰਾ ਯਕੀਨ ਕਰ ਲਈਏ
ਆ ਨਿਕਲੀਏ ਬਾਹਰ
ਚਕਾਚੌਂਧ 'ਚੋਂ
ਕੁਝ ਮਿਲੇ ਤਾਂ ਸਹੀ ਹੁਣ ਆਪਣੀ ਹੋਂਦ 'ਚੋ
ਭੱਜ-ਭੱਜ ਥੱਕਿਆ ਨਹੀਂ ਦੱਸ ਯਾਰਾ
ਆਲੇ-ਦੁਆਲੇ ਵਧਿਆ ਖਿਲਾਰਾ
ਕਦੀ ਸੱਚ ਦਾ ਵੀ ਭਰ
ਕੋਈ ਹੁੰਗਾਰਾ

ਕਦ ਤੱਕ ਲਾਉਣਾ ਖ਼ੁਦ ਨੂੰ ਲਾਰਾ
ਆ ਨਵਾਂ ਕੋਈ ਖ਼ਾਬ ਬੁਣਦੇ ਹਾਂ
ਚੱਲ ਫਿਰ ਮਿੱਤਰਾ
ਹੁਣ ਤੁਰਦੇ ਹਾਂ
ਸੱਚਮੁੱਚ ਪੜ੍ਹਨਾ ਚਾਹੁੰਦੈਂ
ਤਾਂ ਹੀ ਪੜ੍ਹ
ਨਿਰੇ TIME PASS ਲਈ
ਇੰਝ ਨਾ ਕਰ
ਇਹਨਾਂ ਥਾਵਾਂ, ਡੈਸਕਾਂ
ਨਾਲ ਝੂਠ ਬੋਲਦੈਂ
ਮਤਲਬਪ੍ਰਸਤੀ ਲਈ ਕਿਤਾਬ ਖੋਲਦੈਂ
ਏ ਕਦੀ ਹਿਸਾਬ ਮੰਗਣਗੇ ਤੇ
ਕਹੇਂਗਾ ਕੀ
ਸੱਚ ਕੀ ਦੱਸੇਂਗਾ
ਜੇ ਪੱਲੇ ਨਈਂ
ਆ ਇਕ ਵਾਰ ਰੂਹ ਦੀ ਸੁਣਦੇ ਹਾਂ
ਚੱਲ ਫਿਰ ਮਿੱਤਰਾ
ਹੁਣ ਤੁਰਦੇ ਹਾਂ
ਆ ਸਾਦ-ਮੁਰਾਦੇ ਰਹਿਣਾ ਸਿਖੀਏ
ਆਪਣੀ ਕਿਸਮਤ ਆਪੇ ਲਿਖੀਏ

ਦੂਜੇ ਦੀ ਗੱਲ ਨੂੰ ਸਹਿਣਾ ਵੀ ਸਿਖ
ਕਿਸੇ ਜਗ੍ਹਾ ਚੁੱਪ ਰਹਿਣਾ ਵੀ ਸਿਖ
ਕਾਹਲੀ 'ਚ ਕਾਹਨੂੰ ਰਿਸ਼ਤੇ ਬਣਾਵੇਂ
ਕਿਉਂ ਆਪਣੇ ਆਪ ਨੂੰ ਉਲਝਣ 'ਚ ਪਾਵੇਂ
ਗੱਲ ਤੇ ਬਸ ਏਨੀ ਕਿ
ਹਰ ਗੱਲ ਦਾ ਤੂੰ ਖ਼ੁਦ ਜ਼ਿੰਮੇਵਾਰ
ਆਪਣੇ ਆਪ ਵੱਲ ਜ਼ਰਾ ਮੁੜਦੇ ਹਾਂ
ਆ ਫਿਰ ਮਿੱਤਰਾ
ਹੁਣ ਤੁਰਦੇ ਹਾਂ



# ਤੀਰਥ, ਮੰਦਰ ਕਾਬਾ ਨਾਨਕ

ਤੀਰਥ, ਮੰਦਰ ਕਾਬਾ ਨਾਨਕ
ਸੱਚ ਦਾ ਸੁਨੇਹਾ ਬਾਬਾ ਨਾਨਕ
ਧਰਮਾਂ ਤੋਂ ਪਰ੍ਹਾਂ
ਅਰਥਾਂ ਤੋਂ ਪਰ੍ਹਾਂ
ਬੋਲਾਂ ਤੋਂ ਪਰ੍ਹਾਂ
ਹਰਫਾਂ ਤੋਂ ਪਰ੍ਹਾਂ
ਮਦ ਮਸਤ ਮੌਜੀ
ਫ਼ਕੀਰ ਨਾਨਕ
ਪੀਰ ਨਾਨਕ
ਪੀਰ ਨਾਨਕ
ਖੁਦਾ ਨਾਨਕ
ਅੱਲਾ ਨਾਨਕ
ਵਾਹਿਦ ਸ਼ਖ਼ਸ ਅਵੱਲਾ ਨਾਨਕ
ਇਕ ਨਾਲ ਮਿਲਿਆ
ਇਕ ਹੋ ਗਿਆ
ਜਿਸਨੇ ਯਾਦ ਕੀਤਾ

ਉਹਨੂੰ ਲੱਭ ਗਿਆ
ਜਿਸਨੂੰ ਲੱਭ ਗਿਆ
ਉਹ ਖੋ ਗਿਆ
ਨਾਨਕ 'ਚ ਨਾਨਕ ਹੋ ਗਿਆ
ਆਦਿ, ਅੰਤ ਅਥਾਹ ਨਾਨਕ
ਬੇਪਰਵਾਹ ਨਾਨਕ
ਤੀਰਥ, ਮੰਦਰ, ਕਾਬਾ ਨਾਨਕ
ਮਸਤ ਮੌਲਾ
ਮਲੰਗ ਨਾਨਕ
ਅਸਲ 'ਚ ਹੋਣ ਦਾ
ਢੰਗ ਨਾਨਕ
ਕੁਦਰਤ ਦੇ ਸਾਰੇ ਰੰਗ ਨਾਨਕ
ਤੇਰੀ ਚਾਹਤ ਤਾਂ
ਅੰਗ-ਸੰਗ ਨਾਨਕ
ਸਮੁੰਦ ਪਹਾੜਾਂ ਦੇ
ਆਕਾਰ ਨਾਨਕ
ਨਿਰਾਕਾਰ ਨਾਨਕ

ਧਰਤੀ ਦਾ ਹਰ ਤਿਉਹਾਰ ਨਾਨਕ
ਪਿਆਰ ਨਾਨਕ
ਬ੍ਰਾਹਮਣ, ਮੁਸਲਿਮ
ਸਿੱਖ ਵੀ ਨਾਨਕ
ਹਰ ਸੱਚਾਈ ਹਰ ਮਿੱਥ ਵੀ ਨਾਨਕ
ਈਸਾ ਮੂਸਾ ਮੁਹੰਮਦ ਨਾਨਕ
ਜ਼ਮੀਂ ਤੋਂ ਲੈ ਕੇ ਅੰਬਰ ਨਾਨਕ
ਅੰਬਰ ਤੋਂ ਪਰ੍ਹਾਂ ਬ੍ਰਹਿਮੰਡ ਤੱਕ ਵੀ
ਹਰ ਪਲ ਦਿਸ਼ਾ ਤੇ
ਖੰਡ-ਖੰਡ ਤੱਕ ਵੀ
ਆਦਿ-ਜੁਗਾਦਿ
ਕਰਤਾਰ ਨਾਨਕ
੧ਓ ਨਾਨਕ
੧ਓ ਨਾਨਕ

# ਸਿਰਜਣਹਾਰ ਦੀ ਲੋਅ ਆਈ

( ਗੁਰਪੁਰਬ , ਗੁਰੂ ਰਾਮਦਾਸ ਜੀ ਨੂੰ ਸਮਰਪਿਤ)

ਸਿਰਜਣਹਾਰ ਦੀ ਲੋਅ ਆਈ
ਬਾਬੇ ਨਾਨਕ ਦੀ ਹੋ ਆਈ
ਹੁਕਮ ਮੰਨਣ ਦਾ ਅਦਬ ਸਿਖਾਉਂਦੀ
ਆਲੌਕਿਕ ਸੂਰਤ
ਗੁਰੂ ਰਾਮਦਾਸ
ਸਾਦਗੀ ਦੀ ਮੂਰਤ
੧ਓ ਦਾ ਬਣ ਪੈਗ਼ਾਮ
ਕਿਹਾ ਕਿ 'ਹਰ ਥਾਂ ਰਮਿਆ ਏ ਰਾਮ'
ਜਿੰਨ੍ਹਾਂ ਦੇ ਚਾਨਣ
ਇਹ ਸੱਚ ਪਛਾਤਾ ਕਿ
'ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥
ਜਿਨ੍ਹਾ ਕਿਹਾ
ਕਿ ਹਸਤੀ ਮਿੱਟੀ ਕਰ
ਅਹੰਕਾਰੀ ਜੀਵਤਿਆ ਜ਼ਰਾ ਮਰ
ਤੇਰੇ ਅੰਦਰੋਂ ਬੋਲ ਉਨੂ ਹਰਿ ਹਰਿ

ਤਿੱਖੀ-ਤੇਜ ਸਾਣ ਵਿਚ
ਜੌਹਰ ਲੜਾਈ ਦੇ
ਨੰਨ੍ਹੇ-ਮੁੰਨ੍ਹੇ ਪਿਆਰੇ-ਪਿਆਰੇ
ਸਾਹਿਬਜ਼ਾਦੇ
ਸੰਤ-ਸਿਪਾਹੀ ਦੇ
ਸ਼ਹਾਦਤ
ਮਾਸੂਮ ਸ਼ਹਾਦਤ
ਨੀਹਾਂ ਵਿੱਚ ਖੜ੍ਹੇ ਹੋ ਕੇ
ਦੂਨੀਆ ਤੋਂ ਪਰ੍ਹੇ ਹੋ ਕੇ
ਮੌਤ ਨਾਲ ਸਲਾਮ ਕਰ
ਕੌਮ ਨੂੰ ਪੈਗ਼ਾਮ ਕਰ
ਮੁਸਕੁਰਾਉਂਦੇ ਹੋਏ ਕਹਿ ਗਏ
ਕਿ ਕਦੇ
ਜ਼ਬਰ-ਜ਼ੁਲਮ ਅੱਗੇ
ਸਿਰ ਨਹੀਂ ਨਿਵਾਈ ਦੇ
ਨੰਨ੍ਹੇ-ਮੁੰਨ੍ਹੇ ਪਿਆਰੇ-ਪਿਆਰੇ
ਸਾਹਿਬਜ਼ਾਦੇ
ਸੰਤ-ਸਿਪਾਹੀ ਦੇ
ਸ਼ਹਾਦਤ
ਮਾਸੂਮ ਸ਼ਹਾਦਤ


SSSS COLLEGE OF COMMERCE
FOR WOMEN





# ਇਹ ਧਰਤ ਜੀਵੇ

(ਕਾਲਜ ਦੇ ਸਥਾਪਨਾ ਦਿਵਸ ਨੂੰ ਸਮਰਪਿਤ)

ਜੀਵੇ
ਇਹ ਧਰਤ ਜੀਵੇ
ਇਹਦੇ ਕੋਨੇ-ਕੋਨੇ ਲੋਅ ਲੱਗੇ
ਹਰ ਬਸ਼ਰ ਦੇ ਮੱਥੇ ਚੋਂ
ਚੇਤਨਾ ਜਗੇ
ਏਥੇ ਦਿਲਾਂ 'ਚ ਮੈਲ ਨਾ ਟਿਕ ਪਾਏ
ਹਰ ਰੂਹ ਏਥੇ ਨਿਰਮਲ ਹੋ ਜਾਏ
ਏਹਦੇ ਦਰ ਦਰਵਾਜ਼ੇ ਖੁਸ਼ੀ ਥੀਵੇ
ਜੀਵੇ
ਇਹ ਧਰਤ ਜੀਵੇ
ਏਥੇ ਹਰ ਅੰਦਰ ਪ੍ਰੇਮ ਦਾ ਬੀਜ ਫਲੇ
ਸਮਰਪਣ ਦੀ ਅਗਨੀ 'ਚ ਹੰਕਾਰ ਗਲੇ
ਕੋਈ ਚੁਸਤ ਚਲਾਕੀ ਨਾ ਇਹਨੂੰ ਛਲੇ
ਹਰ ਭਟਕਣਾ ਏਥੇ ਆ ਮੁਕੀਵੇ
ਜੀਵੇ
ਇਹ ਧਰਤ ਜੀਵੇ
ਏਥੇ ਆ ਹਰ 'ਮੈਂ' ਦਮ ਤੋੜ ਦਵੇ

ਏ ਧਰਤ ਕਰਤੇ ਨਾਲ ਜੋੜ ਦਵੇ
ਏ ਈਰਖਾ ਦਾ ਮੂੰਹ ਮੋੜ ਦਵੇ
ਏਥੇ ਸੱਚ ਦੀ ਖ਼ਬਰ ਮਿਲੀਵੇ
ਜੀਵੇ
ਇਹ ਧਰਤ ਜੀਵੇ
ਏ ਵਿਹੜਾ ਨੱਚੇ
ਕਣ-ਕਣ ਹੱਸੇ
ਏਹਨਾਂ ਰੁੱਖ-ਪੌਦਿਆਂ 'ਚੋਂ
ਕਰਤਾ ਤੱਕੇ
ਏਥੇ ਹਰ ਸ਼ਖ਼ਸ
ਲਈ ਦੁਆ ਏ ਆਵੇ
ਕਿ ਸਭ ਦੇ ਅੰਦਰੋਂ
ਰੱਬ ਮਿਲ ਜਾਵੇ

ਖ਼ੈਰ ਹੋਵੇ ਇਹਨਾਂ ਰਹਿਨੁਮਾ ਬਣੇ ਕਿਰਦਾਰਾਂ ਦੀ
ਸਭ ਅਧਿਆਪਿਕਾਂ ਬੱਚਿਆਂ ਤੇ ਸੇਵਾਦਾਰਾਂ ਦੀ
ਸਭ ਦੀ ਹਯਾਤੀ
ਮੌਜ਼ ਮਨੀਵੇ
ਜੀਵੇ
ਇਹ ਧਰਤ ਜੀਵੇ



# ਬੁੱਤ ਬੋਲ ਪਏ

(ਸਟੇਜ 'ਤੇ ਚਾਰ ਕਿਰਦਾਰ ਬੁੱਤ(ਪ੍ਰੇਮ ਦਾ ਬੁੱਤ,
ਸੱਚ ਦਾ ਬੁੱਤ, ਕੁਦਰਤ ਦਾ ਬੁੱਤ) ਬਣੇ ਨਜ਼ਰ ਆ ਰਹੇ ਹਨ।
ਕੁੱਝ ਬੱਚੇ ਉਹਨਾਂ ਦੇ ਆਲੇ ਦੁਆਲੇ ਹੈਰਾਨੀ ਨਾਲ ਘੁੰਮ ਰਹੇ
ਤੇ ਉੱਚ ਆਵਾਜ਼ 'ਚ ਇੱਕਠੇ ਬੋਲਦੇ ਹਨ)

ਕੌਣ ਨੇ ਇਹ ਕੌਣ ਨੇ?
ਇਹ ਚੁੱਪਚਾਪ ਅਹਿੱਲ ਖੜ੍ਹੇ
ਸ਼ਾਂਤ ਜਿਵੇਂ ਵਕਤ ਤੋਂ ਪਰ੍ਹੇ
ਜਿਵੇਂ ਕੋਈ ਜਾਣਦਾ ਸੱਚ ਨੂੰ
ਜਿਵੇਂ ਮੁਸਕੁਰਾਇਆ ਹੋਵੇ ਖ਼ੁਦਾ
ਜਿਵੇਂ ਨਾਲ ਹੋ ਕੇ ਵੀ ਕੋਈ ਹੋਵੇ ਜੁਦਾ
ਜਿਵੇਂ ਧਰਤੀ ਦੀ ਉਮਰ ਦੇ ਗੌਣ ਨੇ
ਕੌਣ ਨੇ ਇਹ ਕੌਣ ਨੇ?

(ਇੱਕ ਬੁੱਤ ਹਿੱਲਿਆ ਇਹ ਪ੍ਰੇਮ ਦਾ ਬੁੱਤ ਹੈ)
ਬੱਚੇ ਇਕਦਮ ਡਰਕੇ ਪਰ੍ਹਾ ਹੋਏ।
ਬੁੱਤ ਹੱਸਿਆ।

ਪ੍ਰੇਮ ਦਾ ਬੁੱਤ : ਡਰ ਗਏ? (ਹੱਸਦੇ ਹੋਏ SUSPENSE 'ਚ)

:(ਬੱਚੇ ਕੁੱਝ ਨਹੀਂ ਬੋਲਦੇ ਡਰੇ ਹੋਏ ਇਕ ਤਰਫ਼ਾ ਹੋ ਜਾਂਦੇ ਹਨ।)

ਪ੍ਰੇਮ ਦਾ ਬੁੱਤ : ਉਏ ਜਿਊਂਦੇ ਕਿ ਮਰ ਗਏ? (ਬੱਚੇ ਇਕ ਦਮ ਚੀਕ-ਚਿਹਾੜੇ 'ਚੋਂ ਬਚਾਉ-ਬਚਾਉ ਕਹਿ ਕੇ ਬੁੱਤਾਂ ਦੇ ਆਲੇ-ਦੁਆਲੇ ਭੱਜਦੇ ਹਨ ਪ੍ਰੇਮ ਦਾ ਬੁਤ ਚੁੱਪ ਵੇਖਦਾ ਰਹਿੰਦਾ ਹੈ)

ਪ੍ਰੇਮ ਦਾ ਬੁੱਤ : ਸ਼ਾਂਤ...(ਅਰਾਮ ਨਾਲ)
ਸ਼ਾਂਤ...(ਫਿਰ ਅਰਾਮ ਨਾਲ)
ਸ਼ਾਂਤ...(ਥੋੜ੍ਹੇ ਕਾਹਲੇ ਹੋਕੇ)
ਸ਼ਾਂਤ...(ਗੁੱਸੇ ਨਾਲ)
(ਬੱਚੇ ਇੱਕਦਮ ਚੁੱਪਚਾਪ ਖਲੋ ਗਏ)

ਪ੍ਰੇਮ ਦਾ ਬੁੱਤ :ਉਏ ਬੱਚੇ ਹੋ ਕੇ ਭੂਤਨੇ। ਚੀਕ-ਚੀਹਾੜੇ ਤੋਂ ਬਿਨ੍ਹਾਂ ਨਹੀਂ ਰਹਿ ਸਕਦੇ। ਅਰਾਮ ਨਾਲ ਨਹੀਂ ਰਹਿ ਸਕਦੇ। (ਇੱਕ ਬੱਚਾ ਅੱਗੇ ਆਇਆ)

ਜਸਲੀਨ : ਹੱਦ ਏ... ਇਕ ਤੇ ਬੁੱਤ..ਉੱਤੋਂ ਹਿੱਲ ਪਿਆ ਤੇ ਫਿਰ ਬੋਲੇ ਵੀ...

ਦੂਜੇ ਦੋਵੇਂ ਬੁੱਤ : (ਉੱਚੀ ਆਵਾਜ਼ 'ਚ) ਸ਼ੁਕਰ ਕਰ ਬੁੱਤ ਬੋਲ ਰਹੇ

ਅਜੇ ਵੀ ਦਿਲ ਦੀ ਖੋਲ੍ਹ ਰਹੇ
ਅਜੇ ਵੀ ਸੰਭਲਣ ਦਾ ਵੇਲਾ ਏ
ਸੱਜ ਸਕਦਾ ਫਿਰ ਮੇਲਾ ਏ
ਸ਼ੁਕਰ ਕਰ ਬੁੱਤ ਬੋਲ ਰਹੇ

(ਬੱਚੇ ਹੈਰਾਨ ਚੁੱਪ ਇਕ ਟੱਕ ਬੁੱਤ ਨੂੰ ਵੇਖਦੇ)

ਪ੍ਰੇਮ ਦਾ ਬੁੱਤ : ਇਹ ਬੁੱਤ... (ਏਨ੍ਹਾਂ ਸੁਣਦਿਆਂ ਹੀ ਬੱਚੇ ਤ੍ਰਭਕ ਕੇ ਡਿੱਗ ਪਏ)

ਕੁਦਰਤ ਦਾ ਬੁੱਤ : (ਦੂਜੇ ਬੁੱਤ ਨੂੰ) ਇਹ ਨਵੀਂ ਪੀੜ੍ਹੀ ਡਿੱਗਦੀ ਬੜੀ ਏ।

ਸੱਚ ਦਾ ਬੁੱਤ : ਕਮੀ।

ਕੁਦਰਤ ਦਾ ਬੁੱਤ : ਕਾਹਦੀ? ਅਕਲ ਦੀ ਕਮੀ?

ਸੱਚ ਦਾ ਬੁੱਤ : ਨਹੀਂ ਕੈਲਸ਼ੀਅਮ ਦੀ।

ਕੁਦਰਤ ਦਾ ਬੁੱਤ : ਪੀਜ਼ਾ...ਨੂਡਲਜ਼...ਬਰਗਰ 'ਚ ਕੈਲਸ਼ੀਅਮ ਨਹੀਂ ਹੁੰਦਾ.. ? (ਸੱਚ ਦਾ ਬੁੱਤ ਗੁੱਸੇ ਨਾਲ ਅੱਖ ਕੱਢਕੇ ਕੁਦਰਤ ਦੇ ਬੁੱਤ ਵੱਲ ਵੇਖਦਾ ਕੁਦਰਤ ਦਾ ਬੁੱਤ ਘਬਰਾ ਕੇ)

ਕੁਦਰਤ ਦਾ ਬੁੱਤ : (ਸੋਚੀਂ ਪੈਕੇ)ਆ...ਆ...
ਨਹੀਂ ਹੁੰਦਾ ਹੋਣਾ।

ਸੁਖਜੀਤ : (ਜੋਸ਼ 'ਚ ਆ ਕੇ) ਤੁਸੀਂ ਸਾਨੂੰ
ਐਵੇਂ ਕਮਜ਼ੋਰ ਨਾ ਸਮਝੋ। ਸਾਡੇ ਵੀ
ਚਾਅ ਨੇ ਸੁਪਨੇ ਨੇ ।
ਅਸੀਂ ਉਹਨਾਂ ਨੂੰ ਪੂਰੇ ਕਰਾਂਗੇ।
ਆਪਣੀ ਮਿਹਨਤ ਨਾਲ
ਹਿੰਮਤ ਨਾਲ।
(ਬਾਕੀ ਦੇ ਬੱਚੇ ਤਾੜੀਆਂ ਮਾਰਦੇ ਹਨ।)

ਪ੍ਰੇਮ ਦਾ ਬੁੱਤ : ਦੱਸੋ...ਖ਼ਾਬ ਦੱਸੋ ਆਪਣੇ ਜ਼ਰਾ

ਜਸਲੀਨ : ਮੇਰਾ ਖ਼ਾਬ...ਮੇਰਾ ਖ਼ਾਬ...ਏ ਨਾ
ਹਾਏ ਮੈਨੂੰ ਬੜੀ ਸ਼ਰਮ ਆ ਰਹੀ।

ਕੁਦਰਤ ਦਾ ਬੁੱਤ : ਅੱਜ ਦੇ ਦਿਨ 'ਚ ਦੱਸਿਆ ਜਾਊ।

ਜਸਲੀਨ : ਮੇਰਾ ਖ਼ਾਬ...ਮੈਨੂੰ ਸੱਚਾ
(ਖਿੱਚਕੇ ਬੋਲਣਾ) ਪਿਆਰ ਹੋਜੇ...

ਪ੍ਰੇਮ ਦਾ ਬੁੱਤ : (ਬੜੇ ਸਪੱਸ਼ਟ ਹੋ ਕੇ)
ਹੋ ਈ ਨਹੀਂ ਸਕਦਾ।

ਜਸਲੀਨ : ਹੈਂ...?



ਪ੍ਰੇਮ ਦਾ ਬੁੱਤ : ਤੇਰੇ ਲਈ ਪਿਆਰ ਦਾ ਮਤਲਬ ਕੋਈ ਇਕ ਆਦਮੀ ਫਟੀ ਜੀਨ ਤੇ ਐਨਕਾਂ- ਸ਼ੈਨਕਾਂ... ਵਾਲਾਂ ਦੀਆਂ ਉਤਾਂਹ ਨੂੰ ਚਿੜੀਆਂ ਖੜ੍ਹੀਆਂ ਕੀਤੀਆਂ ਸ਼ਾਹਰੁਖ ਦੇ POSE 'ਚ ਆਵੇ ਵਾਇਲਨ ਵੱਜੇ ਤੇ ਵਿਆਹ ਹੋ ਜਾਵੇ।

ਸੱਚ ਦਾ ਬੁੱਤ : ਉਏ ਤੁਹਾਨੂੰ ਸਾਰਿਆਂ ਨੂੰ ਧਰਤੀ 'ਤੇ ਵਿਆਹ ਤੋਂ ਇਲਾਵਾ ਕੁੱਝ ਹੋਰ ਨਜ਼ਰ ਨਹੀਂ ਆਉਂਦਾ। ਜੀਣ ਮਰਨ ਦਾ ਮੁੱਦਾ ਹੀ ਵਿਆਹ ਬਣਾਇਆ ਤੁਸੀਂ। ਹੱਦ ਏ ਉਨ੍ਹਾਂ ਕੁੱਝ ਇਸ ਧਰਤੀ 'ਤੇ ਸਾਡੇ ਵਰਤਣ ਵਾਲਾ ਨਹੀਂ ਬਚਿਆ ਜਿੰਨ੍ਹੇ ਅਸੀਂ ਏਥੇ ਵੱਧਦੇ ਜਾ ਰਹੇ ਹਾਂ। ਜਨਸੰਖਿਆ -ਜਨਸੰਖਿਆ।(ਖਿੱਝ ਕੇ) ਤੁਹਾਡਾ ਆਪਣਾ ਮਸਲਾ ਲੱਗਦੀ ਤੁਹਾਨੂੰ ਕੇ ਨਹੀਂ। ਸੋਚ ਕੇ ਵੇਖੋ 70 ਵਾਲੇ ਜਹਾਜ਼ ਵਿੱਚ 300 ਜਣੇ ਸਵਾਰ ਹੋ ਜਾਓ ਜਹਾਜ਼ ਦਾ ਕੀ ਬਣੂ।
(ਇੱਕ ਬੱਚਾ ਸਹਿਮ ਕੇ)
ਜਹਾਜ਼ 'ਤੇ ਡੁੱਬ ਜਾਊ

ਸੱਚ ਦਾ ਬੁੱਤ : ਡੁੱਬਣ ਵਾਲੇ ਹੀ ਹੋ। 2025 ਤੱਕ
9 ਅਰਬ ਤੱਕ ਜਾ ਸਕਦੀ ਆਬਾਦੀ।
ਏਨੀ ਧਰਤੀ ਨਹੀਂ ਏ ਸਾਡੇ ਕੋਲ ।
ਤੁਸੀਂ ਬਸ ਵਿਆਹ ਤੇ ਬੱਚੇ...ਵਿਆਹ ਤੇ
ਬੱਚੇ...ਵਿਆਹ ਤੇ ਬੱਚੇ

ਕੁਦਰਤ ਦਾ ਬੁੱਤ : (ਸੱਚ ਦੇ ਬੁੱਤ ਕੋਲ ਆ ਕੇ ਮੋਢੇ 'ਤੇ
ਹੱਥ ਰੱਖਦਾ) ਸ਼ਾਤ ਸ਼ਾਂਤ

ਪ੍ਰੇਮ ਦਾ ਬੁੱਤ : ਫ਼ਿਕਰ ਵਾਲੀ ਗੱਲ ਹੈ ਜ਼ਰਾ
ਸਾਡੇ ਕੋਲ ਜ਼ਿਆਦਾ ਧਰਤ ਨਾ
ਤੇ ਪ੍ਰੇਮ ਦੀ ਗੱਲ ਤੈਨੂੰ ਕੀ ਕਹਾਂ
ਲਾਲਚੀ ਨੂੰ ਪ੍ਰੇਮ ਨਹੀਂ ਹੋ ਸਕਦਾ
ਨਾ ਹੀ ਆਪਣੇ ਘਰ ਨੂੰ ਸਿਆਣੇ ਨੂੰ
ਨਾ ਝੂਠੇ ਤੇ ਨਾ ਬੇਈਮਾਨ ਨੂੰ
ਨਾ ਦਿਲ ਦੇ ਕਿਸੇ ਕਾਣੇ ਨੂੰ
ਨਾ ਚੁਗਲੀ ਨਿੰਦਿਆ ਵਾਲੇ ਨੂੰ
ਨਾ ਫ਼ੈਸ਼ਨ ਪ੍ਰਸਤੀ ਦੇ ਮਾਰੇ ਨੂੰ
ਨਾ ਪੇਪਰ 'ਚ ਨਕਲ ਕਰਨ ਵਾਲੇ ਨੂੰ
ਨਾ ਸ਼ਕਲ 'ਤੇ ਮਰਨ ਵਾਲੇ ਨੂੰ
ਪ੍ਰੇਮ... ਜਦੋਂ ਕਿਸੇ ਇੱਕ 'ਤੇ ਨਹੀਂ
ਪੂਰੀ ਧਰਤੀ 'ਤੇ ਮਰਦਾ ਹੋਵੇਂਗਾ
ਸਭ ਦੀ ਫ਼ਿਕਰ ਕਰਦਾ ਹੋਵੇਂਗਾ।

ਕੁਦਰਤ ਦਾ ਬੁੱਤ : ਪ੍ਰੇਮ ਜਦੋਂ ਪਾਣੀ ਦੀ ਸੰਭਾਲ ਕਰੇਂਗਾ।
ਪ੍ਰੇਮ ਦਾ ਬੁੱਤ :ਜਦੋਂ ਇਸ ਪੂਰੀ ਇਨਸਾਨੀ ਨਸਲ, ਜੀਵ-ਜੰਤੂ ਤੇ ਰੁੱਖ ਪੌਦਿਆਂ ਦੀ ਜ਼ਿੰਮੇਵਾਰੀ ਲਏਂਗਾ। ਤੇਰੇ ਕੋਲ ਇਸ ਸਭ ਕੁਝ ਦੀ ਮਦਦ ਲਈ ਜੋ ਹੋ ਸਕਦਾ ਕਰੇਂਗਾ ਸਿਰਫ਼ ਉਦੋਂ ਪ੍ਰੇਮ। ਬਾਕੀ ਤੁਸੀਂ ਜਿੰਨਾ ਮਰਜ਼ੀ ਕਹੋ। ਤੁਸੀਂ ਸਿਰਫ਼ ਆਕਰਸ਼ਣ 'ਚ ਫਸੇ ਹੋ। MATERIAL ਦਾ MATERIAL ਲਈ ਆਕਰਸ਼ਣ।
ਕੁਦਰਤ ਦਾ ਬੁੱਤ : ਹੋਰ ਖ਼ਾਬ...? (ਸ਼ਰਾਰਤੀ ਢੰਗ ਨਾਲ)
ਪ੍ਰਭਦੀਪ : ਬੜਾ ਅਮੀਰ ਬਣਾ। ਵੱਡੀ ਮੋਟਰ ਗੱਡੀ। ਵੱਡਾ ਘਰ ਸ਼ਾਨੋ ਸ਼ੌਕਤ... ਅੱਗੇ ਪਿੱਛੇ ਨੌਕਰ ਹੀ ਨੌਕਰ।
ਕੁਦਰਤ ਦਾ ਬੁੱਤ : ਤੂੰ ਟੈਮ ਕੱਢਕੇ ਮਰ ਕਿਉਂ ਨਹੀਂ ਜਾਂਦਾ। ਵੱਡੀ ਗੱਡੀ 'ਚ ਪਾ ਦਵਾਂਗੇ।ਅੱਗੇ ਪਿੱਛੇ ਦੁਨੀਆ ਹੀ ਦੁਨੀਆ।ਤੁਹਾਨੂੰ ਪਤਾ ਸਿਰਫ਼ ਹਿੰਦੁਸਤਾਨ ਹੀ ਉਹ ਦੇਸ਼ ਹੈ ਜਿੱਥੇ ਅਮੀਰ ਹੋਣ ਦਾ ਮਤਲਬ ਕੋਲ ਗੱਡੀ ਹੋਣਾ ਹੁੰਦਾ।
ਉਏ ਭੋਲਿਓ ਕਮਲਿਓ

ਸਾਹ ਲੈਣ ਲਈ ਹਵਾ ਨਹੀਂ ਛੱਡੀ
ਫੇਫੜਿਆਂ 'ਚ ਰੱਖ ਲੋ ਗੱਡੀ
ਫਰਿੱਜ ਏ.ਸੀ. ਦੀ ਗੈਸ ਹੁੰਦੀ
ਸਾਹ ਘੁੱਟਣ ਦੀ ਬਿਮਾਰੀ ਨਾਲ ਲੈਸ ਹੁੰਦੀ
ਉੱਤੋਂ ਵਰਤਣ ਦੀ ਤੁਹਾਨੂੰ ਅਕਲ ਕਿੱਥੇ
ਕੱਟ-ਕੱਟ ਲੱਕੜ
ਕਾਗਜ਼ ਕਾਲੇ ਕਰਦੇ ਹੋ
ਵੱਡੇ ਤੁਸੀਂ ਵਿਦਵਾਨ ਬਣੇ
ਜੇ ਅਕਲ ਨਾ ਕਰੋਗੇ
ਆਪਣੇ ਹੱਥੋਂ ਹੀ ਮਰੋਗੇ
ਇਮਾਰਤਾਂ ਨੂੰ ਤਰੱਕੀ ਕਹਿੰਦੇ ਹੋ
ਓਏ ਕਿਸ ਭੁਲੇਖੇ 'ਚ ਰਹਿੰਦੇ ਹੋ

ਕੁਦਰਤ ਦਾ ਬੁੱਤ : (ਗੁੱਸੇ 'ਚ) ਜਾ ਫਿਰ ਮੈਂ ਆਪਣਾ
ਆਪ ਵਿਖਾ ਨਾ ਦਵਾਂ
ਏ ਸਭ ਕੁਝ ਤੇਰਾ ਢਾਹ ਨਾ ਦਵਾ

ਸੁਖਜੀਤ : (ਬੱਚੇ ਸਹਿਮ ਕੇ) ਕੌਣ ਹੋ ਤੁਸੀਂ...?
ਤਿੰਨੇ ਬੁੱਤ(ਅਸੀਂ ਸੱਚਾਈ, ਕੁਦਰਤ ਤੇ
ਪ੍ਰੇਮ ਦੇ ਭਾਵ ਜੋ ਹੁਣ ਬੁੱਤ ਹਾਂ
ਆ ਤੁਹਾਡੀਆਂ ਹਰਕਤਾਂ ਕਰਕੇ ਚੁੱਪ ਹਾਂ)

ਪ੍ਰਭਦੀਪ : ਕਿਹੜੀਆਂ ਹਰਕਤਾਂ?

ਸੱਚ ਦਾ ਬੁੱਤ : ਸੱਚ ਕਿਤੇ ਅੰਦਰ ਰਿਹਾ ਨਹੀਂ
ਜੋ ਕਹਿਣਾ ਸੀ ਕਦੇ ਕਿਹਾ ਨਹੀਂ
ਫਾਇਦੇ ਨੁਕਸਾਨ ਦੇ ਪੱਕੇ ਹੋ
ਪਰ ਜਿਊਣ ਵੱਲੋਂ ਬੜੇ ਕੱਚੇ ਹੋ
ਤੁਹਾਨੂੰ ਆਪੋ-ਧਾਪੀ ਪੈ ਗਈ
ਜ਼ਿੰਦਗੀ ਕਿਤੇ ਦੂਰ ਹੀ ਰਹਿ ਗਈ
ਚੱਲ ਵੇਖਦੇ ਹਾਂ ਕਿੱਥੋਂ ਤੱਕ ਤੇਰਾ ਝੂਠ ਚੱਲੂ
ਕਦ ਤੱਕ ਬੇੜੀ ਇੰਝ ਠੱਲੂ
ਅਜੇ ਜਿਉ ਲੈ ਨਿਰੇ ਵਿਖਾਵੇ ਨੂੰ
ਮੈਂ ਉਡੀਕੂ ਤੇਰੇ ਪਛਤਾਵੇ ਨੂੰ
ਅਜੇ ਤੇਰੀ ਸੋਚ ਲੱਗੇ ਮੋਈ
ਏਸੇ ਲਈ ਸੱਚਾਈ ਚੁੱਪ ਹੋਈ
ਏਸੇ ਲਈ ਸੱਚਾਈ ਬੁੱਤ ਹੋਈ।



ਕੁਦਰਤ ਦਾ ਬੁੱਤ : ਮੈਂ ਕੁਦਰਤ ਜੋ ਇਸ ਬੁੱਤ 'ਚ ਹਾਂ
ਅੱਜਕਲ ਜ਼ਰਾ ਮੈਂ ਦੁੱਖ 'ਚ ਹਾਂ
ਤੁਹਾਡੇ ਅੰਦਰ ਮੇਰੇ ਲਈ ਫ਼ਿਕਰ ਨਹੀਂ
ਤੁਹਾਡੇ ਲੀੜੇ ਕੱਪੜੇ ਖਾਣਾ ਪੀਣਾ ਐਸ਼ ਪ੍ਰਸਤੀ ਦੀ ਜ਼ਿੰਦਗੀ
ਵਿੱਚ ਕਿਤੇ ਵੀ ਮੇਰਾ ਜ਼ਿਕਰ ਨਹੀਂ
ਰੁੱਖ ਕੱਟ ਦਿੱਤੇ...ਹਵਾ ਜ਼ਹਿਰੀਲੀ ਤੇ
ਪਾਣੀ ਗੰਧਲੇ ਕਰ ਦਿੱਤੇ
ਤੁਸੀਂ ਧਰਤੀ ਦੇ ਸੀਨੇ 'ਤੇ ਜ਼ਖ਼ਮ ਹੀ
ਜ਼ਖ਼ਮ ਕਰ ਦਿੱਤੇ
ਬੱਚੇ ਤੁਹਾਨੂੰ ਵਰਦਾਨ ਲੱਗਦੇ?
ਓਏ ਜੇਕਰ ਕੁਦਰਤ ਤੋਹਫ਼ੇ ਦਵੇ ਤਾਂ ਲਾਲਚ ਨਹੀਂ ਕਰੀਦਾ
ਮੁੰਡਾ ਹੋਵੇ ਤੇ ਇਕ ਕੁੜੀ ਚਾਹੀਦੀ
ਕੁੜੀ ਹੋਵੇ ਤੇ ਹੁਣ ਮੁੰਡਾ ਵੀ ਹੋਵੇ
ਥਾਂ ਕਿਤੇ ਬਚਣੀ ਨਹੀਂ
ਇੱਕ ਦੂਜੇ 'ਤੇ ਚੜ੍ਹ ਖਲੋਵੇ
ਜੇ ਆਪਣੀ ਆਈ 'ਤੇ ਆ ਜਾਵਾਂ
ਤੇ ਖਾ ਜਾਵਾਂ ਤੁਹਾਡੀਆਂ ਨਸਲਾਂ
ਮੈਂ ਅਜੇ ਵੀ ਮੂੰਹ ਵੱਲ ਵੇਖ ਰਹੀ
ਸੰਭਲ ਜਾ ਤੈਨੂੰ ਕਹਿੰਦੀ ਹਾਂ
ਜੇ ਜ਼ਰਾ ਚੁੱਪ ਹੀ ਰਹਿੰਦੀ
ਸਅਜੇ ਜ਼ਰਾ ਬੁੱਤ ਹੀ ਰਹਿੰਦੀ

# ਪਾਣੀ ਅੱਜ ਉਦਾਸ ਹੈ

(ਸਟੇਜ 'ਤੇ ਕੁੱਝ ਬੱਚੇ ਇੱਕ ਗੋਲ-ਚੱਕ
ਬਣਾਕੇ ਤੁਰ ਰਹੇ ਤੇ ਗਾ ਰਹੇ ਹਨ)
ਨਾਟਕ ਨਾਟਕ ਨਾਟਕ ਨਾਟਕ
ਨਾਟਕ ਨਾਟਕ ਨਾਟਕ ਨਾਟਕ

ਜ਼ਮੀਨ ਨਾਟਕ ਅਸਮਾਨ ਨਾਟਕ
ਏ ਸਾਰਾ ਕੁੱਲ ਜਹਾਨ ਨਾਟਕ
ਮਾਨ, ਅਭਿਮਾਨ, ਖੁਸ਼ੀ ਨਾਟਕ
ਮੈਂ ਕਿਤੇ ਹਾਂ ਦੁਖੀ ਨਾਟਕ
ਮੇਰਾ ਘਰ ਮੇਰਾ ਪੈਸਾ ਸਾਮਾਨ ਨਾਟਕ
ਏ ਮੈਂ, ਮੇਰਾ ਅਭਿਮਾਨ ਨਾਟਕ
ਲਾਲਚ ਦੀ ਹਰ ਬਾਤ ਨਾਟਕ
ਆਪਣਾ ਹਰ ਹਾਲਾਤ ਨਾਟਕ

ਨਾਟਕ ਨਾਟਕ ਨਾਟਕ ਨਾਟਕ
ਨਾਟਕ ਨਾਟਕ ਨਾਟਕ ਨਾਟਕ

ਜਸ਼ਨ : ਭੈਣੋ ਤੇ ਭਰਾਵੋ, ਪਿੰਡਾਂ ਤੇ ਸ਼ਹਿਰਾਂ ਦੇ ਸਭ ਲੋਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪਾਣੀ ਨੇ ਧਰਤੀ ਤੋਂ ਵਾਪਸ ਜਾਣ ਦਾ ਫੈਸਲਾ ਲੈ ਲਿਆ ਹੈ। ਕਿਉਂਕਿ ਪਾਣੀ ਹੁਣ ਉਦਾਸ ਹੋ ਚੁੱਕਾ ਹੈ।

ਪ੍ਰਿਅੰਕਾ : ਇੰਝ ਕਿਵੇਂ ਹੋ ਸਕਦਾ ਕਿ ਪਾਣੀ ਉਦਾਸ ਹੋ ਗਿਆ। ਪਾਣੀ ਕੋਈ ਜਿਊਂਦੀ ਜਾਗਦੀ ਸ਼ੈਅ ਹੈ। ਪਾਣੀ ਤੇ ਬਸ ਪਾਣੀ ਏ। ਵਰਤਣ ਲਈ।

ਕਮਲ : ਵੇ ਭਾਈ....ਕੀ ਬੋਲੀ ਜਾਨੈ...ਪਾਣੀ ਕਿਵੇਂ ਉਦਾਸ ਹੋ ਸਕਦੈ...ਪਾਣੀ ਕਿਹੜਾ ਕੋਈ ਇਨਸਾਨ ਏ।

ਜਸ਼ਨ : ਉਂਝ ਤੇ ਬੀਬੀ ਸਾਡਾ ਇਨਸਾਨਾਂ ਨਾਲ ਵੀ ਵਰਤਾਓ ਚੰਗਾ ਨਹੀਂ ਏ...ਪਰ ਸੁਣ... ਪਾਣੀ ਜਿਊਂਦਾ ਜਾਗਦਾ ਏ..
ਸਭ ਸੁਣਦਾ ਏ ਪਾਣੀ ਨੂੰ।

ਪ੍ਰਿਅੰਕਾ : ਹਾਸੇ ਨਾ ਪਾ ਵੇ ਭਾਈ....ਅਖੇ ਪਾਣੀ ਜਿਉਂਦਾ ਜਾਗਦਾ ਏ...ਸਭ ਸੁਣਦਾ ਪਾਣੀ ਨੂੰ..ਹੱਦ ਏ...ਤੂੰ ਸਾਨੂੰ ਸ਼ੁਦੈਣਾਂ ਸਮਝਦੇਂ.. ਕੁੱਝ ਵੀ ਬੋਲੇਂਗਾ ਤਾਂ
ਅਸੀਂ ਮੰਨ ਲਵਾਂਗੀਆਂ... ?

ਜਸ਼ਨ : ਬੀਬੀ....ਏ ਦੱਸ ਕਿ ਜੇਕਰ ਤੈਨੂੰ ਸਿਰਫ਼ ਖਾਣ ਲਈ ਰੋਟੀ ਮਿਲਦੀ ਜਾਵੇ ਤੇ ਪਾਣੀ ਬਿਲਕੁਲ ਨਾ ਮਿਲੇ ਤਾਂ ਕੀ ਹੋਊ।

ਪ੍ਰਿਅੰਕਾ : ਹੋਣਾ ਕੀ ਏ। ਪਾਣੀ ਬਿਨਾਂ ਨਿਰੀ ਰੋਟੀ ਵੀ ਕੀ ਕਰੂ। ਮੈਂ ਤਾਂ ਤਿਹਾਈ ਮਰ ਜਾਊ।

ਜਸ਼ਨ : ਫਿਰ ਪਾਣੀ ਜਿਊਣ ਵਾਲਾ ਹੋਇਆ ਕਿ ਨਾ... ?

ਕਮਲ : ਆਹੋ...ਉਹ ਤਾਂ ਪਤਾ ਹੀ ਏ ਕਿ ਪਾਣੀ ਬਿਨਾਂ ਅਸੀਂ ਨਹੀਂ ਜੀਅ ਸਕਦੇ। ਪਰ ਏ ਥੋੜ੍ਹਾ ਕਿ ਪਾਣੀ ਜਿਊਂਦਾ ਜਾਗਦਾ ਏ।

ਜਸ਼ਨ : ਗੱਲ ਸੁਣ ਬੀਬੀ। ਜਿਸਨੂੰ ਪੀਣ ਨਾਲ ਅਸੀਂ ਜਿਊਂਦੇ ਰਹਿ ਰਹੇ, ਉਹਦੇ 'ਚ ਫਿਰ ਜ਼ਿੰਦਗੀ ਦੇਣ ਵਾਲੇ ਤੱਤ ਹੋਏ ਕਿ ਨਾ। ਮਤਲਬ ਉਹ ਆਪ ਜਿਊਂਦਾ ਤੇ ਫਿਰ ਹੀ ਸਾਨੂੰ ਜ਼ਿੰਦਗੀ ਦੇ ਰਿਹਾ ਏ। ਤੂੰ ਭਲਾ ਮਿੱਟੀ ਦਾ ਤੇਲ ਪੀ ਕੇ ਜਿਊਂਦੀ ਰਹਿ ਸਕਦੀ ਏ... ?

ਪ੍ਰਿਅੰਕਾ : ਹੱਦ ਏ। ਮਿੱਟੀ ਦੇ ਤੇਲ ਨਾਲ ਤੇ ਮਰ ਜੂੰ ਮੈਂ। ਉਹਨੂੰ ਥੋੜ੍ਹਾ ਪੀ ਸਕਦੇ ਹਾਂ।

ਜਸ਼ਨ : ਮਤਲਬ ਸਾਡੀ ਜ਼ਿੰਦਗੀ ਦਾ ਤੱਤ ਪਾਣੀ ਏ। ਜੋ ਖ਼ੁਦ ਵੀ ਜਿਉਂਦਾ-ਜਾਗਦਾ ਏ। ਤੇ ਬੀਬੀ ਹੁਣ ਤਾਂ ਸਾਇੰਸ ਨੇ ਵੀ ਕਹਿ ਦਿੱਤਾ ਕਿ ਪਾਣੀ ਨੂੰ ਸਭ ਕੁੱਝ ਸੁਣਦਾ ਤੇ ਉਹਦੇ ਅੰਦਰ ਤੇਰੀ ਕਹੀ ਹਰ ਗੱਲ ਜਾਂਦੀ ਏ।

ਕਮਲ : ਹਾਅ... (ਹੈਰਾਨ ਹੋ ਕੇ) ਚੁਗ਼ਲੀਆਂ ਵੀ?

ਜਸ਼ਨ : ਹਾਂ... ਸਭ ਚੁਗਲੀਆਂ, ਕਲੇਸ਼, ਲੜਾਈ-ਝਗੜੇ, ਨਫ਼ਰਤ, ਲਾਲਚ, ਤੁਹਾਡੇ ਸਭ ਦੇ ਘਰਾਂ ਦੇ ਪਾਣੀ ਨੂੰ ਪਤਾ। ਹੋਰ ਐਵੇਂ ਥੋੜੀ ਪਾਣੀ ਉਦਾਸ ਹੋ ਗਿਆ।

ਪ੍ਰਿਅੰਕਾ : ਤੇ ਕੀ ਆਹ ਜਿਹੜਾ ਪਾਣੀ ਅੱਜਕਲ ਸਾਫ਼ ਨਹੀਂ... ਏ ਸਾਡੀਆਂ ਗੱਲਾਂ ਸੁਣਨ ਨਾਲ ਇੰਝ ਹੋ ਗਿਆ...?

ਜਸ਼ਨ : ਹਾਂ, ਇਹ ਹਾਲ ਅਸੀਂ ਪਾਣੀ ਦਾ ਆਪ ਹੀ ਕੀਤਾ... ਜਾ ਜਾਕੇ ਪੁੱਛਕੇ ਵੇਖ ਜ਼ਰਾ ਲੋਕਾਂ ਨੂੰ ਕਿ ਕੀ ਕਰਦੇ ਨੇ ਉਹ ਪਾਣੀ ਨਾਲ।

ਪ੍ਰਿਅੰਕਾ : ਗੱਲ ਸੁਨਣਾ ਭੈਣ ਜੀ।

ਹਰਮਨ : ਹਾਂਜੀ... ਦੱਸੋ।

ਪ੍ਰਿਅੰਕਾ : ਤੁਸੀਂ ਪਾਣੀ ਦੀ ਕੋਈ ਸੰਭਾਲ ਕਰਦੇ ਹੋ...?

ਹਰਮਨ : ਸੰਭਾਲ ਅਸੀਂ ਕਰਨੀ ਕਿ ਪਾਣੀ ਨੇ ਸਾਡੀ ਕਰਨੀ। ਪਾਣੀ ਤੇ ਸਾਡੀ ਸਾਫ਼-ਸਫ਼ਾਈ ਲਈ ਹੈ।ਤੇ ਮੈਨੂੰ ਸਾਫ਼-ਸਫ਼ਾਈ ਬਹੁਤ ਪਸੰਦ ਹੈ। ਰੋਜ਼ ਵਿਹੜਾ ਪਾਣੀ ਨਾਲ ਧੋਣਾ ਹੁੰਦਾ। ਮੈਂ ਤੇ ਕੱਪੜੇ ਵੀ 4-5 ਵਾਰ ਪਾਣੀ ਨਾਲ ਨਿਤਾਰਦੀ ਹਾਂ। ਹੋਰ ਤੇ ਹੋਰ ਭੈਣ ਜੀ ਮੇਰੇ ਬੱਚਿਆਂ ਨੂੰ ਵੀ ਪਾਣੀ 'ਚ ਖੇਡਣ ਦਾ ਬੜਾ ਚਾਅ। ਸਾਰਾ ਦਿਨ ਟੂਟੀ ਨਾਲ ਖੇਡਦੇ ਰਹਿੰਦੇ। ਚੰਗਾ..ਚੰਗਾ ਮੈਂ ਜਾਵਾਂ ਹੁਣ... ਮੋਟਰ ਵੀ ਚੱਲਦੀ ਛੱਡ ਆਈ ਹਾਂ। ਟੈਂਕੀ ਤੋਂ ਦੀ ਪਾਣੀ ਵੱਗ ਰਿਹਾ ਹੋਣਾ...

(ਪ੍ਰਿਅੰਕਾ ਹੈਰਾਨ ਹੋ ਕੇ ਅੱਗੇ ਵੱਧਦੀ ਹੈ)

(ਇਕ ਆਦਮੀ ਸਾਹਮਣੇ ਆਉਂਦਾ ਹੈ)

ਪ੍ਰਿਅੰਕਾ : ਗੱਲ ਸੁਣਨਾ ਭਰਾ ਜੀ। ਤੁਸੀਂ ਪਾਣੀ ਦੀ ਸੰਭਾਲ ਲਈ ਕੁੱਝ ਕਰਦੇ ਓ...?

| | |
|---|---|
| ਜਸ਼ਨ | : ਓ ਭੈਣ ਜੀ। ਏ ਤਾਂ ਐਵੇਂ ਸਰਕਾਰਾਂ ਰੌਲ਼ਾ ਪਾਈ ਜਾਂਦੀਆਂ। ਅਖੇ ਪਾਣੀ ਮੁੱਕ ਜੂ। ਮੁਕਿਆ ਤਾਂ ਹੈ ਨਈ। ਰੋਜ਼ ਆਉਂਦਾ ਟੂਟੀਆਂ ਭਰ-ਭਰ। ਮੈਂ ਤਾਂ ਮਜ਼ੇ ਨਾਲ ਆਪਣੀ ਗੱਡੀ ਧੋਂਦਾ। ਮੈਨੂੰ ਨਾ... ਆਪਣੀ ਗੱਡੀ ਚਕਾ-ਚੱਕ ਚੰਗੀ ਲੱਗਦੀ। ਮਾੜਾ ਜਿਹਾ ਚਿੱਕੜ ਪੈ ਜੇ ਸਹੀ ਦੋ ਬਾਲਟੀਆਂ ਪਾਣੀ ਦੀਆਂ ਮਾਰ ਦੇਈ ਦੀਆਂ। |
| ਪ੍ਰਿਅੰਕਾ | : ਜੇ ਮੁੱਕ ਗਿਆ...? |
| ਜਸ਼ਨ | : ਫਿਰ ਵੇਖੀ ਜਾਊ। |
| ਪ੍ਰਿਅੰਕਾ | : ਏਨੀ ਅਣਗਿਹਲੀ... ਏਨਾ ਤ੍ਰਿਸਕਾਰ ਪਾਣੀ ਦਾ... |
| ਜਸ਼ਨ | : ਹਾਂ ਏਨੀ ਹੀ ਅਣਗਹਿਲੀ ਹੋ ਰਹੀ ਏ ਏਨਾ ਹੀ ਤ੍ਰਿਸਕਾਰ ਹੋ ਰਿਹਾ ਏ ਪਾਣੀ ਦਾ ਅਸੀਂ ਸ਼ੁਰੂਆਤ ਤੋਂ ਹੀ ਗਲਤੀ ਕੀਤੀ। ਜਦੋਂ ਸ਼ਹਿਰ ਵਸਾਏ ਜਾ ਰਹੇ ਸਨ |

ਤਾਂ ਕਿਹਾ ਗਿਆ ਕਿ ਹਰ 200 ਗਜ਼ ਮਕਾਨ ਵਾਲਾ
ਬਰਸਾਤੀ ਪਾਣੀ ਸੰਭਾਲ ਲਈ ਬੋਰ ਕਰੇਗਾ ਭਾਵ
ਰਓਨਿਾਓਟਇਰ ਹਓਰਵਇਸਟਨਿਗ ਰਾਹੀਂ ਬਰਸਾਤ
ਦਾ ਪਾਣੀ ਧਰਤੀ ਅੰਦਰ ਜਾਵੇਗਾ ਤੇ ਜ਼ਮੀਨ ਅੰਦਰਲੀ
ਨਮੀਂ ਬਣੀ ਰਹੂ। ਪਰ ਪਤਾ ਕਰਕੇ ਵੇਖ ਲੋ ਕਿੰਨੇ ਕੁ
200 ਗਜ਼ ਵਾਲੇ ਮਕਾਨਾਂ 'ਚ ਪਾਣੀ ਬਚਾਉਣ
ਲਈ ਬੋਰ ਹੋਇਆ ।

ਕਮਲ : ਮਤਲਬ ਸਾਨੂੰ ਏਸ ਧਰਤੀ ਦਾ ਹਵਾ,
ਪਾਣੀ, ਮਿੱਟੀ ਵਰਤਣਾ ਨਾ ਆਇਆ।

ਜਸ਼ਨ : ਨਹੀਂ ਆਇਆ ਅਸੀਂ ਬਸ ਆਪਣੀਆਂ
ਲੋੜਾਂ ਦਾ ਧਿਆਨ ਰੱਖਿਆ ਤੇ ਜਿੰਨ੍ਹਾਂ
ਤੱਤਾਂ ਤੋਂ ਅਸੀਂ ਬਣੇ ਉਹਨਾਂ 'ਚ ਅੱਜ ਸਾਹ
ਲੈਣਾ ਵੀ ਔਖਾ। ਖ਼ਰਾਬ ਹਵਾ, ਖ਼ਰਾਬ ਪਾਣੀ।

(ਸਾਰੇ ਪਾਣੀ ਦੇ ਨਾਲ ਇਸ ਵਿਵਹਾਰ ਤੋਂ
ਉਦਾਸ ਹੋਕੇ ਸਟੇਜ ਤੇ ਇਕ ਲਾਇਨ 'ਚ ਖੜ੍ਹੇ ਹੁੰਦੇ)

ਸਾਰੇ: ਪਾਣੀ ਅੱਜ ਉਦਾਸ ਹੈ
ਓਹਨੂੰ ਮਦਦ ਦੀ ਤਲਾਸ਼ ਹੈ
ਅਸੀਂ ਆਪਣੇ ਘਰਾਂ ਨੂੰ ਸਿਆਣੇ ਬੜੇ
ਕੁਦਰਤ ਦੀ ਨਜ਼ਰ 'ਚ ਨਿਆਣੇ ਬੜੇ
ਅਸੀਂ ਬਸ ਵਰਤਣਾ ਜਾਣਦੇ
ਅਸੀਂ ਸੱਚ ਨਹੀਂ ਪਛਾਣ ਰਹੇ
ਜੇ ਸੰਭਾਲਣ ਦੀ ਅੱਜ ਲੋੜ ਨਾ ਪਛਾਣੀ
ਅੱਗੇ ਬੱਚਿਆਂ ਨੂੰ ਕਿੱਥੋਂ ਪਿਆਓਗੇ ਪਾਣੀ
ਇਸ ਸਾਡੇ ਵਿਵਹਾਰ ਤੋਂ
ਧਰਤ ਜ਼ਰਾ ਨਿਰਾਸ਼ ਹੈ
ਪਾਣੀ ਅੱਜ ਉਦਾਸ ਹੈ
ਜਸ਼ਨ: ਖ਼ੁਦ ਨੂੰ ਸੱਚੀਂ ਇਨਸਾਨ ਬਣਾਓ
ਪਾਣੀ ਬਚਾਓ...ਪਾਣੀ ਬਚਾਓ।

# ਧੰਨ ਦਾਤਾ ਵਾਹ ਬੀਬੀ

(ਪਤਨੀ ਸਰਦਾਰ ਸੰਤ ਸਿੰਘ
ਬੀਬੀ ਰਾਜ ਦੇਵੀ ਜੀ ਨੂੰ ਸਮਰਪਿਤ)

'ਦਾਨੀ ਤਾਂ ਕਮਾਲ ਸੀ ਮੂੰਹ 'ਤੇ ਵੱਖਰਾ ਜਮਾਲ ਸੀ'
ਪਰ ਜਿਹਨੇ ਕਦਮ-ਕਦਮ ਉਹਦਾ ਸਾਥ ਦਿੱਤਾ
ਦੁਨੀਆਦਾਰੀ ਨੂੰ ਉਹਦੇ ਪਿੱਛੇ ਖ਼ਾਕ ਕੀਤਾ
ਜਿਸ ਦਾ ਜ਼ਿਕਰ ਕਦੀ ਜ਼ਿਆਦਾ ਛੇੜਿਆ ਹੀ ਨਹੀਂ
ਜਿਹਨੇ ਹਲਾਤਾਂ ਤੋਂ ਘਬਰਾ ਕੇ ਮੂੰਹ ਫੇਰਿਆ ਹੀ ਨਹੀਂ
ਜਿਹਨੂੰ ਰੱਬ ਨੇ ਰਜ਼ਾ ਦਾ ਹੁਕਮ ਦਿੱਤਾ
ਕਿ ਹੋ ਮੇਰੇ ਵਾਂਗ ਅਸੀਮ ਅਸਗਾਹ ਬੀਬੀ



ਰਿਸ਼ਮ: ਧੰਨ ਦਾਤਾ ਵਾਹ ਬੀਬੀ...
ਧੰਨ ਦਾਤਾ ਵਾਹ ਬੀਬੀ...
ਹਾਜ਼ਰੀਨ...
ਉਂਝ ਤਾਂ ਧਰਤ 'ਤੇ ਹਰ ਸ਼ਖ਼ਸ ਬਾ-ਕਮਾਲ ਹੈ, ਕੋਈ ਕਿਸੇ ਦਾ ਬਦਲ ਨਹੀਂ ਹੋ ਸਕਦਾ ਤੇ ਇਹ ਵੀ ਸੱਚ ਹੈ ਕਿ ਹਰ ਸ਼ਖ਼ਸ ਦਾ ਸਫ਼ਰ ਦੂਸਰਿਆਂ ਇਨਸਾਨਾਂ ਨੂੰ ਕੋਈ ਨਾ ਕੋਈ ਸੇਧ ਜ਼ਰੂਰ ਦਿੰਦਾ ਤੇ ਦੇ ਰਿਹਾ ਹੈ। ਉਂਝ ਵੀ ਕਹਿੰਦੇ ਅਸਲ ਜੀਵਨ ਤਾਂ ਉਹ ਹੈ ਜੋ ਸਿਰਫ਼ ਆਪਣੀ ਹੀ ਨਹੀਂ ਬਲਕਿ ਦੂਸਰਿਆਂ ਦੀ ਜ਼ਿੰਦਗੀ ਨੂੰ ਵੀ ਵਧੀਆ ਬਣਾਉਣ ਵਿਚ ਗੁਜ਼ਰੇ। ਪਰ ਅਸੀਂ ਜਿਸ ਸ਼ਖ਼ਸੀਅਤ ਤੋਂ ਅੱਜ ਰੂਬਰੂ ਹੋ ਰਹੇ ਹਾਂ ਉਸਨੇ ਮਨੁੱਖਤਾ ਦੀ ਮਦਦ ਖ਼ਾਤਿਰ ਆਪਣਾ ਹਰ ਸੁੱਖ ਆਰਾਮ ਤਿਆਗਿਆ...ਬੀਬੀ ਰਾਜਦੇਵੀ...
ਸਰਦਾਰ ਸੰਤ ਸਿੰਘ ਜੀ ਦੀ ਧਰਮ ਪਤਨੀ...
ਬੀਬੀ ਰਾਜਦੇਵੀ...ਰੱਬ ਦਾ ਜੀਅ...
ਜਿਸਨੇ ਧਰਤ ਦੀਆਂ ਵਸਤਾਂ ਪ੍ਰਤੀ ਕੋਈ ਲੋਭ ਲਾਲਚ ਨਾ ਰੱਖਿਆ, ਉਹ ਬੀਬੀ ਰਾਜਦੇਵੀ ...ਜਿਸਨੂੰ ਦਾਤੇ ਦਾ ਹੁਕਮ ਸੀ ਕਿ ਉਹਦੇ ਜਿੱਡਾ ਦਿਲ ਕਰੇ...ਉਹ ਬੀਬੀ ਰਾਜਦੇਵੀ...

ਰਾਜਦੇਵੀ : ਮੈਂ ਰਾਜਦੇਵੀ...
ਤੁਹਾਡਾ ਸ਼ੁਕਰੀਆ ਕਿ ਮੇਰਾ ਵੀ ਜ਼ਿਕਰ ਕੀਤਾ। ਉਂਝ ਭਾਵੇਂ ਮੈਨੂੰ ਜ਼ਿਕਰ ਦੀ ਲੋੜ ਨਹੀਂ ਸੀ ...ਮੇਰਾ ਜ਼ਿਕਰ ਤਾਂ ਹੁਣ ਦਾਤੇ ਨਾਲ ਇਕਮਿਕ ਹੈ...ਹਾਂ, ਬੜੀ ਖ਼ੁਸ਼ੀ ਤੇ ਆਨੰਦ ਮਿਲਿਆ ਕਿ ਗਿਆਨ ਦੀ ਲਹਿਰ ਤੁਰ ਪਈ ਏ...ਮਨਾਂ ਦੇ ਹਨੇਰੇ ਦੂਰ ਹੋਣ ਵੱਲ ਸਫ਼ਰ ਤੁਰ ਰਿਹਾ...ਮੈਨੂੰ ਵੀ ਰੱਬ ਨੇ ਕਿਹਾ ਸੀ ਤੇਰਾ ਏਧਰੋਂ ਹੀ ਹੈ ਰਾਹ ਬੀਬੀ...

ਸਭ ਪਾਤਰਾਂ ਦੀ ਆਵਾਜ਼ :ਧੰਨ ਦਾਤਾ ਵਾਹੁ ਬੀਬੀ
ਧੰਨ ਦਾਤਾ ਵਾਹੁ ਬੀਬੀ

ਪ੍ਰੀਤ :ਬੀਬੀ...ਇਕ ਸੁਆਲ ਪੁੱਛਾਂ...?
ਰਾਜਦੇਵੀ :ਹਾਂ...ਪੁੱਛ
ਪ੍ਰੀਤ :ਤੇਰਾ ਦਿਲ ਨਾ ਡੋਲਿਆ...?
ਰਾਜਦੇਵੀ :ਦਿਲ... (ਹਲਕੀ ਜਿਹੀ ਮੁਸਕੁਰਾਹਟ)

ਦਿਲ ਤਾਂ ਡੋਲਦੇ ਜੇ ਜਜ਼ਬਾ ਕਮਜ਼ੋਰ ਹੋਵੇ...

ਪ੍ਰੀਤ : ਫਿਰ ਵੀ...ਤੇਰੇ ਪਤੀ ਨੇ ਸਾਰੀ ਜਾਇਦਾਦ
ਦਾਨ ਕਰ ਦਿੱਤੀ...ਤੇ ਤੂੰ ਔਰਤ ਜ਼ਾਤ..
ਔਰਤ ਜ਼ਾਤ ਨੂੰ ਧਰਤ ਤੇ ਇਹਨਾਂ ਵਸਤਾਂ
ਨਾਲ ਮੋਹ ਤਾਂ ਰਹਿੰਦਾ ਹੀ ਏ। ਫਿਰ...?

ਰਾਜਦੇਵੀ: ਵਸਤਾਂ ਨਾਲ ਮੋਹ ਉਦੋਂ ਤੱਕ ਰਹਿੰਦਾ
ਜਦ ਤੱਕ ਖ਼ੁਦ ਵੀ ਏਥੇ ਇਕ ਵਸਤੂ ਬਣੇ
ਰਹੀਏ...ਔਰਤ ਜ਼ਾਤ ਜੇਕਰ ਵਸਤ ਹੈ ਤਾਂ
ਫਿਰ ਵਸਤਾਂ ਨਾਲ ਮੋਹ ਹੈ...ਮੈਨੂੰ ਜਿਸ ਸ਼ਖ਼ਸ
ਦਾ ਸਾਥ ਮਿਲਿਆ, ਉਸ ਨਾਲ ਜਿਊਂਦਿਆਂ ਤੇ
ਜ਼ਿੰਦਗੀ ਦੇ ਉਤਾਰ-ਚੜਾਅ ਨੂੰ ਨੇੜਿਓਂ
ਤੱਕਦਿਆਂ, ਮੈਂ ਵੇਖਿਆ ਕਿ ਤੁਸੀਂ ਜਦ ਤੱਕ
ਏਥੇ ਨਜ਼ਰ ਆਉਂਦੇ ਸਮਾਨ ਨੂੰ ਅਹਿਮੀਅਤ
ਦੇਵੋਗੇ ਤਾਂ ਤੁਸੀਂ ਖ਼ੁਦ ਵੀ ਸਮਾਨ ਹੀ ਬਣਦੇ
ਜਾਉਗੇ... ਮੈਨੂੰ ਕਿਹਾ ਰੱਬ ਨੇ ਤੂੰ ਕਰੀਂ ਨਾ
ਕੋਈ ਲਾਲਚ ਧਰਤ ਦਾ...ਤੈਨੂੰ ਫਿਰ ਮਿਲੂ
ਤੇਰੀ ਥਾਹ ਬੀਬੀ...

ਸਭ ਪਾਤਰਾਂ ਦੀ ਆਵਾਜ਼ : ਧੰਨ ਦਾਤਾ ਵਾਹੁ ਬੀਬੀ
ਧੰਨ ਦਾਤਾ ਵਾਹੁ ਬੀਬੀ

ਰਿਸ਼ਮ : ਏਸ ਬੀਬੀ ਨੇ ਹਯਾਤੀ ਦਾ ਸਫ਼ਰ ਕਰਦਿਆਂ ਬੜਾ ਕੁੱਝ ਹੰਢਾਇਆ...ਤੇ ਪਤਾ ਨਹੀਂ ਕੁਦਰਤ ਦਾ ਇਹ ਕੀ ਅਸੂਲ ਕਿ ਜਾਗਣ ਲਈ ਅੰਦਰ ਦਰਦ ਵੀ ਅਸੀਮ ਭਰ ਦੇਂਦੀ ਹੈ... ਬੀਬੀ ਰਾਜਦੇਵੀ ਨੇ ਆਪਣੇ ਅੱਖੀਂ ਪਰਿਵਾਰਿਕ ਜੀਆਂ ਦਾ ਤੁਰਨਾ ਵੀ ਵੇਖਿਆ...

ਮਨਦੀਪ : ਕਦੀ ਰੱਬ ਨਾਲ ਗਿਲਾ ਤਾਂ ਹੋਇਆ ਹੋਊ...

ਰਾਜਦੇਵੀ : ਹਾਂ, ਮੋਹ ਹਮੇਸ਼ਾ ਗਿਲੇ ਕਰਦਾ...ਮੈਨੂੰ ਵੀ ਮੋਹ ਸੀ, ਜੀਆਂ ਦਾ ਮੋਹ ਤੇ ਕੁਦਰਤ ਬੜੀ ਕਮਾਲ, ਜਾਗਣ ਲਈ ਦਰਦ ਵੀ ਉਸ ਥਾਂ ਤੇ ਹੋਊ ਜਿੱਥੇ ਜ਼ਿਆਦਾ ਮੋਹ। ਮੈਂ ਪਰਿਵਾਰ ਦੇ ਜੀਅ ਅੱਖੀਆਂ ਅੱਗੇ ਮੁਕਦੇ ਵੇਖੇ...ਕਦੀ ਹੌਂਸਲੇ ਵੀ ਟੁੱਟਦੇ ਵੇਖੇ...ਫਿਰ ਰੱਬ ਨੇ ਮੈਨੂੰ ਕਿਹਾ ਕਿ ਨਾ ਕੋਈ ਜੀਵਤ ਨਾ ਕੋਈ ਮਰਿਆ ਇਹ ਬਸ ਮੋਹ 'ਚੋ ਉਪਜਦਾ ਖ਼ਿਲਾਅ ਬੀਬੀ

ਸਭ ਪਾਤਰਾਂ ਦੀ ਆਵਾਜ਼ : ਧੰਨ ਦਾਤਾ ਵਾਹੁ ਬੀਬੀ
ਧੰਨ ਦਾਤਾ ਵਾਹੁ ਬੀਬੀ

ਹਰਨੂਰ : ਬੀਬੀ ...ਆਲੇ-ਦੁਆਲੇ ਦੇ ਲੋਕਾਂ ਨੇ ਤਾਂ ਕੁੱਝ ਕਿਹਾ ਹੋਏਗਾ ਨਾ...

ਰਿਸ਼ਮ : ਆਖਦੇ ਤਾਂ ਹੋਣਗੇ ਲੋਕ ਕਿ ਇਹ
ਸਭ ਕੁੱਝ ਬੇਵਕੂਫ਼ੀ ਏ।
ਦੁਨੀਆਦਾਰੀ ਦਾ ਡਰ ਨਾ ਆਇਆ?

ਹਰਨੂਰ : ਬੀਬੀ...ਲੋਕਾਂ ਨੇ ਗੱਲਾਂ ਵੀ ਤਾਂ ਬੜੀਆਂ
ਬਣਾਈਆਂ ਹੋਣੀਆਂ। ਬੜਾ ਕੁੱਝ ਸੁਣਨ ਨੂੰ
ਮਿਲਿਆ ਹੋਵੇਗਾ।

ਮਨਦੀਪ :ਹਾਲਾਤਾਂ ਦਾ ਇੰਨਾਂ ਕੁੱਝ ਸਹਿੰਦਿਆਂ
ਅੱਕ-ਥੱਕ ਨਾ ਗਈ ਤੂੰ?

ਰਾਜਦੇਵੀ :ਹਾਂ ਬੜਾ ਕੁੱਝ ਸੁਣਿਆ...ਕਈ ਗੱਲਾਂ
ਬਣਾਈਆਂ ਲੋਕਾਂ ਨੇ...ਮੇਰੇ ਤੱਕ ਪਹੁੰਚੀਆਂ ਸਨ
ਇਹ ਗੱਲਾਂ...ਦਿਲ ਚੁੱਭਵੀਆਂ ਗੱਲਾਂ...ਪਰ
ਅਸਰ ਤਾਂ ਹੁੰਦਾ ਜੇ ਆਪ ਕੱਚੇ ਹੋਈਏ...
ਮੈਨੂੰ ਅਤੇ ਸਰਦਾਰ ਸੰਤ ਸਿੰਘ ਜੀ ਨੂੰ ਰਸਤਾ
ਨਜ਼ਰ ਆ ਗਿਆ ਸੀ...ਜਿਸ 'ਤੇ ਚੱਲਣ ਦੀ
ਹਿੰਮਤ ਤੇ ਮਰਜ਼ੀ ਪ੍ਰਮਾਤਮਾ ਵੱਲੋਂ ਆਈ ਸੀ....
ਮੈਨੂੰ ਉਸ ਕਿਹਾ ਕਿ ਦੁਨੀਆਦਾਰੀ ਜੱਗ ਝਮੇਲਾ
ਲੋਕਾਂ ਲਈ ਰੱਬ ਪੈਸਾ ਧੇਲਾ...
ਇਹ ਬਾਤਾਂ ਤੈਨੂੰ ਨਾ ਸਕਣਗੀਆਂ ਹਿਲਾ ਬੀਬੀ

ਸਭ ਪਾਤਰਾਂ ਦੀ ਆਵਾਜ਼ : ਧੰਨ ਦਾਤਾ ਵਾਹੁ ਬੀਬੀ
ਧੰਨ ਦਾਤਾ ਵਾਹੁ ਬੀਬੀ

ਰਿਸ਼ਮ : ਇੱਕ ਸਵਾਲ ਹੋਰ ਪੁੱਛਾਂ ਬੀਬੀ...
ਤੈਨੂੰ ਕਿੰਝ ਦਾ ਮਹਿਸੂਸ ਹੋਇਆ ਇਹ ਜ਼ਿੰਦਗੀ
ਜਿਊਂਦਿਆਂ ....?

ਰਾਜਦੇਵੀ : ਮਹਿਸੂਸ ਕਰਨ ਲਈ ਖ਼ੁਦ ਨੂੰ ਆਪਣੇ ਕਰਮ
ਤੋਂ...ਕੰਮ ਤੋਂ ਵੱਖਰਿਆਂ ਕਰਨਾ ਪੈਂਦਾ ਏ...
ਮੈਂ ਕਦੇ ਵੱਖ ਨਹੀਂ ਹੋਈ ਏਸ ਕਾਰਜ ਤੋਂ...
ਮੇਰਾ ਮਨ ਹਯਾਤੀ ਦੀ ਚਕਾਚੌਂਧ ਤੋਂ ਪਰ੍ਹਾਂ ਜਾ
ਚੁੱਕਾ ਸੀ...ਜਾਂ ਇੰਝ ਕਹਿ ਲਉ ਕਿ ਕੁਦਰਤ
ਨੇ ਮੇਰੇ ਅੰਦਰ ਦੀ ਦੁਨੀਆਂ ਹੀ ਬਦਲ ਦਿੱਤੀ
ਸੀ...ਨਾ ਕੋਈ ਫ਼ਾਲਤੂ ਜ਼ਰੂਰਤ...ਨਾ ਜੋੜਨ-
ਤੋੜਨ ਦਾ ਲਾਲਚ ਕੁੱਝ...ਹਾਂ! ਮਨੁੱਖਤਾ ਲਈ
ਕੀਤੇ ਇਸ ਕੰਮ ਨਾਲ ਸਕੂਨ ਬੜਾ ਮਿਲਿਆ।
ਮੈਨੂੰ ਕਿਹਾ ਸੀ ਰੱਬ ਨੇ ਕਿਹਾ ਸੀ ਮੇਰੀ ਸਿਫ਼ਤ
ਸਲਾਹ ਤੇਰੇ 'ਚ ਨੂਰ ਭਰੂ...ਦੁਨੀਆਦਾਰੀ ਨਾਲ
ਭਾਵੇਂ ਲੱਖ ਲੜੂ...ਪਰ ਤੈਨੂੰ ਸਕੂ
ਨਾ ਕੁਝ ਹਿਲਾ ਬੀਬੀ...

ਸਭ ਪਾਤਰਾਂ ਦੀ ਆਵਾਜ਼ : ਧੰਨ ਦਾਤਾ ਵਾਹੁ ਬੀਬੀ
ਧੰਨ ਦਾਤਾ ਵਾਹੁ ਬੀਬੀ

ਰਸ਼ਮ :ਬੀਬੀ...ਤੇਰੀ ਕੋਈ ਇੱਛਾ...
ਕੋਈ ਖ਼ੁਆਬ...ਕੁੱਝ ਜੋ ਭਵਿੱਖ ਵਿਚ
ਵੇਖਦੀ ਹੋਵੇਂ...

ਰਾਜਦੇਵੀ :ਹਾਂ...ਮੇਰਾ ਖ਼ੁਆਬ ਕਿ ਏਥੇ ਮਿਹਨਤ
ਵਾਲੇ ਸੁੱਚੇ ਮਨ ਨਾਲ...ਸੱਚਾਈ ਤੇ
ਗਿਆਨ ਦਾ ਅੰਨ ਪੱਕੇ ਤੇ ਜਿਹੜਾ
ਨਿਰਸੁਆਰਥ ਤੇ ਹਉਮੈ ਤੋਂ ਰਹਿਤ
ਹੋ ਕੇ, ਇਹਨਾਂ ਬੱਚਿਆਂ ਤੱਕ ਪਹੁੰਚਾਇਆ
ਜਾਵੇ...ਇਹਨਾਂ ਨੂੰ ਸੱਚ ਦਾ ਰਾਹ
ਵਿਖਾਇਆ ਜਾਵੇ...ਹਾਂ ਪਰ ਮੈਨੂੰ ਕਿਹਾ
ਸੀ ਰੱਬ ਨੇ ਕਿ ਤੂੰ ਆਪਣਾ ਕਰਮ ਨਿਭਾ
ਦਿੱਤਾ...ਰੱਬੀ ਰਜ਼ਾ ਨੂੰ ਸਤਿਕਾਰ ਦਿੱਤਾ
ਬਾਕੀ ਰੱਬ ਏਹਦਾ ਖ਼ੈਰ ਖ਼ਵਾਹ ਬੀਬੀ...

ਸਭ ਪਾਤਰਾਂ ਦੀ ਆਵਾਜ਼ : ਧੰਨ ਦਾਤਾ ਵਾਹੁ ਬੀਬੀ
ਧੰਨ ਦਾਤਾ ਵਾਹੁ ਬੀਬੀ

ਰਿਸ਼ਮ :ਇਹ ਸੀ ਬੀਬੀ ਰਾਜਦੇਵੀ... ਜਿਸਨੇ
ਵਿੱਦਿਆ ਖ਼ਾਤਿਰ ਸਭ ਦਾਨ ਦੇ ਦਿੱਤਾ...
ਇਹ ਤਿਆਗ ਕਮਾਲ ਹੈ...ਉਮੀਦ ਹੈ
ਅਸੀਂ (ਸਭ ਪਾਤਰਾਂ ਦੀ ਆਵਾਜ਼) ਇਸ
ਤੋਂ ਕੁੱਝ ਸੇਧ ਲੈਂਦੇ ਹੋਏ...ਕੁੱਝ ਨਾ ਕੁੱਝ
ਇੰਝ ਦਾ ਕਰਾਂਗ ਕਰਦੇ ਰਹਾਂਗੇ, ਜੋ ਮਨੁੱਖੀ
ਜੀਵਨ ਨੂੰ ਹੋਰ ਖ਼ੂਬਸੂਰਤ
ਤੇ ਦਰੁਸਤ ਕਰਨ ਵਿਚ ਲਾਹੇਵੰਦ ਹੋਵੇਗਾ
ਸ਼ੁਕਰੀਆ......